847 − 1 = 846    736 − 1 = 735

2. ਕਿਸੇ ਸੰਖਿਆ ਵਿੱਚੋਂ 0 ਘਟਾਉਣ 'ਤੇ ਕੋਈ ਫ਼ਰਕ ਨਹੀਂ ਪੈਂਦਾ ਹੈ।

125 − 0 = 125    147 − 0 = 147

3. ਸੰਖਿਆ ਵਿੱਚੋਂ ਓਹੀਂ ਸੰਖਿਆ ਘਟਾਉਣ 'ਤੇ 0 ਪ੍ਰਾਪਤ ਹੁੰਦੀ ਹੈ।

375 − 375 = 0    215 − 215 = 0

## ਆਓ ਕਰੀਏ

1. ਖਾਲੀ ਥਾਵਾਂ ਭਰੋ :

(i) 310 + 25 = ____ + 310

(ii) 0 + ____ = 475

(iii) ____ + 1 = 918

(iv) 347 – ____ = 346

2. ਠੀਕ ਉੱਤਰ 'ਤੇ ✓ ਦਾ ਨਿਸ਼ਾਨ ਲਗਾਓ :–

(i) 425 + 25 = 400 ☐

(ii) 310 + 0 = 310 ☐

(iii) 743 + 1 = 744 ☐

(vi) 540 – 0 = 541 ☐

## ਆਓ ਸਿੱਖੀਏ

ਜੋੜ ਕਰੋ :

140, 222, 320

| | | | |
|---|---|---|---|
| | 1 | 4 | 0 |
| | 2 | 2 | 2 |
| + | 3 | 2 | 0 |
| | 6 | 8 | 2 |

140 + 222 + 320 = 682

204, 220, 36

| | | | |
|---|---|---|---|
| | 2 | 0 | 4 |
| | 2 | 2 | 0 |
| + | | 3 | 6 |
| | 4 | 6 | 0 |

204 + 220 + 36 = 460

310, 21, 410

| | | | |
|---|---|---|---|
| | 3 | 1 | 0 |
| | | 2 | 1 |
| + | 4 | 1 | 0 |
| | 7 | 4 | 1 |

310 + 21 + 410 = 741

## ਆਓ ਕਰੀਏ

ਜੋੜਫਲ ਪਤਾ ਕਰੋ :

124, 301, 232

405, 330, 42

610, 321, 203

212, 311, 615

33, 722, 227

## ਸ਼ਾਬਦਿਕ ਸਵਾਲ

1. ਸੁਖਦੇਵ ਨੇ ਮੇਲੇ ਵਿੱਚੋਂ 120 ਰੁਪਏ ਦੀ ਖਿਡੌਣਾ ਕਾਰ ਅਤੇ 135 ਰੁਪਏ ਦਾ ਗੁਲਦਸਤਾ ਖਰੀਦਿਆ। ਸੁਖਦੇਵ ਨੇ ਕਿੰਨੇ ਰੁਪਏ ਖਰਚ ਕੀਤੇ?
2. ਪੂਜਾ ਦੀ ਪੰਜਾਬੀ ਦੀ ਪੁਸਤਕ ਵਿੱਚ 140 ਪੰਨੇ ਹਨ ਅਤੇ ਗਣਿਤ ਦੀ ਪੁਸਤਕ ਵਿੱਚ 156 ਪੰਨੇ ਹਨ। ਦੋਵਾਂ ਪੁਸਤਕਾਂ ਵਿੱਚ ਕਿੰਨੇ ਪੰਨੇ ਹਨ?
3. ਤਰਲੀਨ ਨੇ ਆਪਣੇ ਲਈ 255 ਰੁਪਏ ਦਾ ਬਸਤਾ ਅਤੇ ਆਪਣੇ ਭਰਾ ਲਈ 368 ਰੁਪਏ ਦੀ ਘੜੀ ਖਰੀਦੀ। ਉਸਨੇ ਕਿੰਨੇ ਰੁਪਏ ਖਰਚ ਕੀਤੇ?
4. ਅਮਰੂਦਾਂ ਦੀ ਇੱਕ ਟੋਕਰੀ ਵਿੱਚ 164 ਅਮਰੂਦ ਹਨ ਅਤੇ ਦੂਸਰੀ ਟੋਕਰੀ ਵਿੱਚ 128 ਅਮਰੂਦ ਹਨ। ਦੋਵਾਂ ਟੋਕਰੀਆਂ ਵਿੱਚ ਕੁੱਲ ਕਿੰਨੇ ਅਮਰੂਦ ਹਨ?
5. ਇੱਕ ਡੱਬੇ ਵਿੱਚ 350 ਬੰਟੇ ਹਨ। ਉਸ ਵਿੱਚੋਂ 268 ਬੰਟੇ ਕੱਢ ਲਏ। ਡੱਬੇ ਵਿੱਚ ਕਿੰਨੇ ਬੰਟੇ ਰਹਿ ਗਏ?
6. ਇੱਕ ਕਿਸਾਨ ਕੋਲ 763 ਗਾਂਵਾਂ ਹਨ ਅਤੇ ਦੂਸਰੇ ਕਿਸਾਨ ਕੋਲ 459 ਗਾਂਵਾਂ ਹਨ। ਦੋਵਾਂ ਕੋਲ ਕਿੰਨੀਆ ਗਾਂਵਾਂ ਹਨ?
7. ਬਾਗ਼ ਵਿੱਚ ਅੰਬ ਦੇ 215 ਦਰਖ਼ਤ ਹਨ। ਬਾਗ਼ ਵਿੱਚ ਅੰਬ ਦੇ 169 ਦਰਖ਼ਤ ਹੋਰ ਲਗਾ ਦਿੱਤੇ। ਹੁਣ ਬਾਗ਼ ਵਿੱਚ ਅੰਬਾਂ ਦੇ ਕਿੰਨੇ ਦਰਖ਼ਤ ਹੋ ਗਏ?
8. ਇੱਕ ਸਕੂਲ ਵਿੱਚ 368 ਮੁੰਡੇ ਅਤੇ 327 ਕੁੜੀਆਂ ਹਨ। ਸਕੂਲ ਵਿੱਚ ਕੁੱਲ ਕਿੰਨੇ ਵਿੱਦਿਆਰਥੀ ਹਨ?
9. ਤੇਜਸ ਦੀ ਗੋਲਕ ਵਿੱਚ 563 ਰੁਪਏ ਹਨ। ਉਸ ਦੇ ਪਿਤਾ ਜੀ ਨੇ ਉਸਨੂੰ 278 ਰੁਪਏ ਹੋਰ ਦੇ ਦਿੱਤੇ। ਤੇਜਸ ਕੋਲ ਕਿੰਨੇ ਰੁਪਏ ਹੋ ਗਏ?
10. ਟਾਫ਼ੀਆਂ ਦੇ ਡੱਬੇ ਵਿੱਚ 375 ਟਾਫ਼ੀਆਂ ਹਨ। ਉਸ ਵਿੱਚ 167 ਟਾਫ਼ੀਆਂ ਹੋਰ ਪਾ ਦਿੱਤੀਆਂ। ਡੱਬੇ ਵਿੱਚ ਕਿੰਨੀਆਂ ਟਾਫ਼ੀਆਂ ਹੋ ਗਈਆਂ?
11. ਪਰਨੀਤ ਕੋਲ 680 ਰੁਪਏ ਹਨ। ਉਸਨੇ 575 ਰੁਪਏ ਦਾ ਬਸਤਾ ਖਰੀਦ ਲਿਆ। ਉਸ ਕੋਲ ਕਿੰਨੇ ਰੁਪਏ ਰਹਿ ਗਏ?
12. ਸੁਖਦੇਵ ਦਾ ਸਕੂਲ ਉਸਦੇ ਘਰ ਤੋਂ 824 ਕਦਮਾਂ ਦੀ ਦੂਰੀ 'ਤੇ ਹੈ। ਉਸ ਨੇ 379 ਕਦਮ ਤੁਰ ਲਏ। ਸਕੂਲ ਤੱਕ ਪਹੁੰਚਣ ਲਈ ਉਸਨੂੰ ਕਿੰਨੇ ਕਦਮ ਹੋਰ ਤੁਰਨਾ ਪਵੇਗਾ?

# ਵਰਕਸ਼ੀਟ

1. ਖਾਲੀ ਥਾਵਾਂ ਭਰੋ :–

(i) 62 + 0 = ____  (ii) 115 + 1 = ____  (iii) ____ + 0 = 348

(iv) 518 + ____ = 519  (v) 410 + 35 = ____ + 410

2. ਠੀਕ ਉੱਤਰ 'ਤੇ ✓ ਦਾ ਨਿਸ਼ਾਨ ਲਗਾਓ :–

(i) 45 + 30 = 75 ☐ 65 ☐ 85 ☐

(ii) 82 – 32 = 40 ☐ 50 ☐ 60 ☐

(iii) 90 – 50 = 40 ☐ 60 ☐ 30 ☐

3. ਜੋੜ ਕਰੋ :–

4 ਸੈਂਕੜੇ + 2 ਦਹਾਈਆਂ + 3 ਇਕਾਈਆਂ ਅਤੇ 3 ਸੈਂਕੜੇ + 2 ਇਕਾਈਆਂ

4. ਸੰਖਿਆ ਤੋੜ ਕੇ ਜੋੜ ਪਤਾ ਕਰੋ :–

(i) 55 + 42  (ii) 416 + 110

5. ਸੰਖਿਆ ਤੋੜ ਕੇ ਘਟਾਓ ਕਰੋ :–

(i) 78 – 20  (ii) 525 – 225

6. ਜੋੜ ਜਾਂ ਘਟਾਓ ਦਾ ਨਿਸ਼ਾਨ ਲਗਾਓ :–

(i) 400 ......... 200 = 600  (ii) 700 ......... 300 = 400

(iii) 210 ......... 210 = 0  (iv) 515 ......... 1 = 514

7. ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 295 ਯਾਤਰੀ ਰੇਲਗੱਡੀ ਵਿੱਚ ਬੈਠੇ। ਮੋਰਿੰਡਾ ਸਟੇਸ਼ਨ ਤੋਂ 190 ਯਾਤਰੀ ਹੋਰ ਬੈਠ ਗਏ। ਹੁਣ ਰੇਲਗੱਡੀ ਵਿੱਚ ਕਿੰਨੇ ਯਾਤਰੀ ਹੋ ਗਏ?

8. ਫਤਿਹਗੜ੍ਹ ਸਾਹਿਬ ਰੇਲਵੇ ਸਟੇਸ਼ਨ 'ਤੇ 485 ਯਾਤਰੀਆਂ ਵਿੱਚੋਂ 210 ਯਾਤਰੀ ਰੇਲਗੱਡੀ ਤੋਂ ਹੇਠਾਂ ਉੱਤਰ ਗਏ। ਹੁਣ ਰੇਲਗੱਡੀ ਵਿੱਚ ਕਿੰਨੇ ਯਾਤਰੀ ਰਹਿ ਗਏ?

## ਯਾਦ ਰੱਖਣ ਯੋਗ ਗੱਲਾਂ

- ਕਿਸੇ ਵੀ ਸੰਖਿਆ ਵਿੱਚ 0 ਜੋੜਨ ਜਾਂ ਘਟਾਉਣ ਨਾਲ ਕੋਈ ਫ਼ਰਕ ਨਹੀਂ ਪੈਂਦਾ।
- ਘਟਾਓ ਸ਼ੁਰੂ ਕਰਨ ਤੋਂ ਪਹਿਲਾਂ ਛੋਟੀ ਵੱਡੀ ਸੰਖਿਆ ਦੀ ਤੁਲਨਾ ਜ਼ਰੂਰ ਕਰੋ।

## ਅਸੀਂ ਜੋ ਸਿੱਖਿਆ

3 ਅੰਕੀ ਜੋੜ/ਘਟਾਓ

- ਜੋੜ/ਘਟਾਓ ਦੀਆਂ ਵਿਸ਼ੇਸ਼ਤਾਵਾਂ
- ਸਮੂਹ ਬਣਾ ਕੇ
  - ਕਹਾਣੀ ਨਾਲ ਸਬੰਧਿਤ
- ਬਿਨ੍ਹਾਂ ਸਮੂਹ
  - ਕਹਾਣੀ ਨਾਲ ਸਬੰਧਿਤ
  - 3 ਅੰਕਾਂ ਵਿੱਚ 2-3 ਅੰਕਾਂ ਦਾ ਜੋੜ
  - 3 ਅੰਕਾਂ ਵਿੱਚੋਂ 2-3 ਅੰਕਾਂ ਦੀ ਘਟਾਓ

# 3 ਗੁਣਾ

## ਉਦੇਸ਼

- ਖੇਡ-ਖੇਡ ਵਿੱਚ ਅੰਤਰਾਲ ਗਿਣਤੀ ਕਰਨਾ।
- ਵਾਰ-ਵਾਰ ਜੋੜ ਨੂੰ ਗੁਣਾ ਦੇ ਰੂਪ ਵਿੱਚ ਬਦਲਣ ਦੀ ਸਮਝ ਵਿਕਸਿਤ ਕਰਨਾ।
- ਸਮੂਹਾਂ ਤੋਂ ਗੁਣਾ ਵੱਲ ।
- 2, 3, 5, 10 ਦੇ ਪਹਾੜੇ ਦੀ ਸਮਝ ਵਿਕਸਿਤ ਕਰਨਾ।
- ਇੱਕ ਅੰਕੀ, ਦੋ ਅੰਕੀ ਸੰਖਿਆਵਾਂ ਦੀ ਗੁਣਾ ਇੱਕ ਅੰਕੀ, ਦੋ ਅੰਕੀ ਸੰਖਿਆਵਾਂ ਨਾਲ ਸੰਖਿਆਵਾਂ ਤੋੜ ਕੇ ਗੁਣਾ ਦੀ ਸਮਝ ਵਿਕਸਿਤ ਕਰਨਾ।
- ਤਿੰਨ ਅੰਕੀ ਸੰਖਿਆਵਾਂ ਦੀ ਇੱਕ ਅੰਕੀ ਸੰਖਿਆ ਨਾਲ ਗੁਣਾ ।

### ਕੀ ਤੁਹਾਨੂੰ ਯਾਦ ਹੈ?

**ਖਾਲੀ ਥਾਵਾਂ ਭਰੋ :-**




4 + 4 + 4 + 4 ........ ਵਾਰ ........



☐ + ☐ + ☐ ........ ਵਾਰ ........

ਅਵਨੀਤ ਸਿੰਘ ਕੋਲ ਤਿੰਨ ਖਿਡੌਣਾ ਕਾਰਾਂ ਹਨ ।ਇੱਕ ਕਾਰ ਦੇ 4 ਪਹੀਏ ਹਨ ।ਸਾਰੀਆਂ ਕਾਰਾਂ ਦੇ ਕਿੰਨੇ ਪਹੀਏ ਹੋਣਗੇ?



$\boxed{4} + \boxed{4} + \boxed{4} = \bigcirc$

ਜੇਕਰ ਜਮਾਤ ਵਿੱਚ 6 ਬੱਚੇ ਹਨ ਅਤੇ ਹਰੇਕ ਬੱਚੇ ਕੋਲ 5 ਪੈਨਸਿਲਾਂ ਹਨ ਤਾਂ ਦੱਸੋ ਸਾਰੇ ਬੱਚਿਆਂ ਕੋਲ ਕਿੰਨੀਆਂ ਪੈਨਸਿਲਾਂ ਹੋਣਗੀਆਂ ?



$\square + \square + \square + \square + \square = \bigcirc$

## ਵਾਰ-ਵਾਰ ਜੋੜਨ ਦੀ ਪ੍ਰਕਿਰਿਆ ਨੂੰ ਗੁਣਾ ਦੇ ਰੂਪ ਵਿੱਚ ਲਿਖੋ :-

| | |
|---|---|
| $2+2+2+2+2$ | $5 \times 2$ |
| $3+3+3$ | $__ \times 3$ |
| $4+4+4+4$ | $__ \times __$ |
| $5+5+5+5+5+5$ | $__ \times __$ |
| $6+6+6+6+6$ | $__ \times __$ |
| $7+7+7+7+7+7$ | $__ \times __$ |
| $8+8+8+8$ | $__ \times __$ |
| $9+9+9+9+9+9+9$ | $__ \times __$ |
| $8+8+8+8+8+8$ | $__ \times __$ |
| $7+7+7+7+7$ | $__ \times __$ |

ਗੁਣਾ ਨੂੰ ਵਾਰ-ਵਾਰ ਜੋੜਨ ਦੇ ਰੂਪ ਵਿੱਚ ਲਿਖੋ :-

| | |
|---|---|
| 2 × 8 | |
| 3 × 7 | |
| 5 × 5 | |
| 4 × 6 | |
| 7 × 2 | |
| 9 × 5 | |

## ਗਤੀਵਿਧੀ




**ਅਧਿਆਪਕ ਸੰਕੇਤ :**

- ਵੱਖ-ਵੱਖ ਅੰਕਾਂ ਦੀ ਛਲਾਂਗ ਨਾਲ ਅੰਤਰਾਲ ਗਿਣਤੀ ਯਾਦ ਕਰਵਾਉਣਾ।



ਸਾਰੇ ਬੱਚੇ ਆਪਣੇ ਹੱਥ ਦੀਆਂ 2-2 ਉਂਗਲਾਂ ਅੱਗੇ ਕਰੋ।



ਮਤਲਬ ! ਉਹੀ ਅੰਕ ਵਾਰ ਵਾਰ ਜੋੜਨਾ



2 + 2 + 2 + 2 + 2 + 2



6 ਵਾਰ 2 ਲਿਖਣ ਲਈ 6 × 2

ਇੱਕ ਹੀ ਅੰਕ ਨੂੰ ਵਾਰ-ਵਾਰ, ਜੋੜਨ ਨੂੰ ਗੁਣਾ ਦੇ ਰੂਪ ਵਿੱਚ ਦਰਸਾ ਸਕਦੇ ਹਾਂ ।

ਗੁਣਾ ਦਾ ਚਿੰਨ੍ਹ '×'

= 6 × 2 = 12






3 + 3 + 3 + 3 = 4 × 3 = 12



4 + 4 + 4 + 4 + 4 = 5 × 4 = 20



5 + 5 + 5 + 5 + 5 + 5 + 5 = 7 × 5 = 35

### ਅਧਿਆਪਕ ਸੰਕੇਤ :

- ਹੱਥ ਦੀਆਂ 10 ਉਂਗਲਾਂ ਦੀ ਵਰਤੋਂ ਨਾਲ ਪਹਾੜਿਆਂ ਦੀ ਸਮਝ ਪੈਦਾ ਕਰਨਾ।
- ਵੱਖ-ਵੱਖ ਸਥੂਲ ਵਸਤਾਂ (ਪੈਨਸਿਲਾਂ, ਪੈੱਨਾਂ, ਤੀਲੀਆਂ) ਦੀ ਵਰਤੋਂ ਨਾਲ ਸਮਝ ਬਣਾਉਣਾ।



**ਆਓ ਕਰੀਏ**

## ਅੰਤਰਾਲ ਗਿਣਤੀ



8 ਵਾਰ 2 ਦੀ ਛਲਾਂਗ

0 1 2 3 4 5 6 7 8 9 10 11 12 13 14 15 16 17 18 19 20

2, 4, 6, 8, 10, 12, 14, 16



**4 ਵਾਰ 3 ਦੀ ਛਲਾਂਗ**

0 1 2 3 4 5 6 7 8 9 10 11 12 13 14 15 16 17 18 19 20

3, 6, 9, 12



**5 ਵਾਰ 4 ਦੀ ਛਲਾਂਗ**

0 1 2 3 4 5 6 7 8 9 10 11 12 13 14 15 16 17 18 19 20



**4 ਵਾਰ 5 ਦੀ ਛਲਾਂਗ**

0 1 2 3 4 5 6 7 8 9 10 11 12 13 14 15 16 17 18 19 20




## 2 ਨਾਲ ਗੁਣਾ

2 — 1 ਵਾਰ 2 = 1 × 2 = 2

2 + 2 — 2 ਵਾਰ 2 = 2 × 2 = 4

2 + 2 + 2 — 3 ਵਾਰ 2 = 

2 + 2 + 2 + 2 — 4 ਵਾਰ 2 = 

2 + 2 + 2 + 2 + 2 — 5 ਵਾਰ 2 = 

2 + 2 + 2 + 2 + 2 + 2 — 6 ਵਾਰ 2 = 

2 + 2 + 2 + 2 + 2 + 2 + 2 — 7 ਵਾਰ 2 = 

2 + 2 + 2 + 2 + 2 + 2 + 2 + 2 — 8 ਵਾਰ 2 = 

2 + 2 + 2 + 2 + 2 + 2 + 2 + 2 + 2 — 9 ਵਾਰ 2 = 

2 + 2 + 2 + 2 + 2 + 2 + 2 + 2 + 2 + 2 — 10 ਵਾਰ 2 = 




| | |
|---|---|
| 2 × 1 = 2 | 2 × 6 = 12 |
| 2 × 2 = 4 | 2 × 7 = 14 |
| 2 × 3 = 6 | 2 × 8 = 16 |
| 2 × 4 = 8 | 2 × 9 = 18 |
| 2 × 5 = 10 | 2 × 10 = 20 |

# 3 ਨਾਲ ਗੁਣਾ

3 — 1 ਵਾਰ 3 = 1 × 3 = 3

3 + 3 — 2 ਵਾਰ 3 = ____

3 + 3 + 3 — 3 ਵਾਰ 3 = ____

3 + 3 + 3 + 3 — 4 ਵਾਰ 3 = ____

3 + 3 + 3 + 3 + 3 — 5 ਵਾਰ 3 = ____

3 + 3 + 3 + 3 + 3 + 3 — 6 ਵਾਰ 3 = ____

3 + 3 + 3 + 3 + 3 + 3 + 3 — 7 ਵਾਰ 3 = ____

3 + 3 + 3 + 3 + 3 + 3 + 3 + 3 — 8 ਵਾਰ 3 = ____

3 + 3 + 3 + 3 + 3 + 3 + 3 + 3 + 3 — 9 ਵਾਰ 3 = ____

3 + 3 + 3 + 3 + 3 + 3 + 3 + 3 + 3 + 3 — 10 ਵਾਰ 3 = ____



3 ਦਾ ਪਹਾੜਾ ਅਸੀਂ ਇਸ ਤਰ੍ਹਾਂ ਵੀ ਲਿਖ ਸਕਦੇ ਹਾਂ

| | |
|---|---|
| 3 × 1 = 3 | 3 × 6 = 18 |
| 3 × 2 = 6 | 3 × 7 = 21 |
| 3 × 3 = 9 | 3 × 8 = 24 |
| 3 × 4 = 12 | 3 × 9 = 27 |
| 3 × 5 = 15 | 3 × 10 = 30 |

# 4 ਨਾਲ ਗੁਣਾ

4 — 1 ਵਾਰ 4 = 1 × 4 = 4

4 + 4 — 2 ਵਾਰ 4 = ☐

4 + 4 + 4 — 3 ਵਾਰ 4 = ☐

4 + 4 + 4 + 4 — 4 ਵਾਰ 4 = ☐

4 + 4 + 4 + 4 + 4 — 5 ਵਾਰ 4 = ☐

4 + 4 + 4 + 4 + 4 + 4 — 6 ਵਾਰ 4 = ☐

4 + 4 + 4 + 4 + 4 + 4 + 4 — 7 ਵਾਰ 4 = ☐

4 + 4 + 4 + 4 + 4 + 4 + 4 + 4 — 8 ਵਾਰ 4 = ☐

4 + 4 + 4 + 4 + 4 + 4 + 4 + 4 + 4 — 9 ਵਾਰ 4 = ☐

4 + 4 + 4 + 4 + 4 + 4 + 4 + 4 + 4 + 4 — 10 ਵਾਰ 4 = ☐



4 ਦਾ ਪਹਾੜਾ ਅਸੀਂ ਇਸ ਤਰ੍ਹਾਂ ਵੀ ਲਿਖ ਸਕਦੇ ਹਾਂ

| | |
|---|---|
| 4 × 1 = 4 | 4 × 6 = 24 |
| 4 × 2 = 8 | 4 × 7 = 28 |
| 4 × 3 = 12 | 4 × 8 = 32 |
| 4 × 4 = 16 | 4 × 9 = 36 |
| 4 × 5 = 20 | 4 × 10 = 40 |

# 5 ਨਾਲ ਗੁਣਾ

| | |
|---|---|
| 5 | 1 ਵਾਰ 5 = 1 × 5 = 5 |
| 5 + 5 | 2 ਵਾਰ 5 = |
| 5 + 5 + 5 | 3 ਵਾਰ 5 = |
| 5 + 5 + 5 + 5 | 4 ਵਾਰ 5 = |
| 5 + 5 + 5 + 5 + 5 | 5 ਵਾਰ 5 = |
| 5 + 5 + 5 + 5 + 5 + 5 | 6 ਵਾਰ 5 = |
| 5 + 5 + 5 + 5 + 5 + 5 + 5 | 7 ਵਾਰ 5 = |
| 5 + 5 + 5 + 5 + 5 + 5 + 5 + 5 | 8 ਵਾਰ 5 = |
| 5 + 5 + 5 + 5 + 5 + 5 + 5 + 5 + 5 | 9 ਵਾਰ 5 = |
| 5 + 5 + 5 + 5 + 5 + 5 + 5 + 5 + 5 + 5 | 10 ਵਾਰ 5 = |




| | |
|---|---|
| 5 × 1 = 5 | 5 × 6 = 30 |
| 5 × 2 = 10 | 5 × 7 = 35 |
| 5 × 3 = 15 | 5 × 8 = 40 |
| 5 × 4 = 20 | 5 × 9 = 45 |
| 5 × 5 = 25 | 5 × 10 = 50 |

## ਪ੍ਰਯੋਗੀ ਕਿਰਿਆ

**ਉਦੇਸ਼** – ਪਹਾੜਿਆਂ ਦੀ ਸਮਝ ਵਿਕਸਿਤ ਕਰਨਾ

**ਸਮੱਗਰੀ** – ਤੀਲੀਆਂ

**ਵਿਧੀ** –

1. ਦੱਸੇ ਅਨੁਸਾਰ (ਤੀਲੀਆਂ) ਰੱਖੋ :–

ਖੜਵੀਂ ਸਥਿਤੀ ਵਿੱਚ ਤੀਲੀਆਂ = 2





ਖੜਵੀਂ ਸਥਿਤੀ ਵਿੱਚ ਤੀਲੀਆਂ = 3

2. ਹੁਣ ਉਸ ਉੱਪਰ ਲੇਟਵੀਂ ਸਥਿਤੀ ਵਿੱਚ (ਤੀਲੀਆਂ) ਰੱਖੋ :–

ਲੇਟਵੀਂ ਸਥਿਤੀ ਵਿੱਚ ਤੀਲੀਆਂ = 3





ਲੇਟਵੀਂ ਸਥਿਤੀ ਵਿੱਚ ਤੀਲੀਆਂ = 2

3. ਖੜਵੀਂ ਅਤੇ ਲੇਟਵੀਂ ਸਥਿਤੀ ਵਿੱਚ ਰੱਖੀਆਂ ਤੀਲੀਂ ਦੇ ਕਾਟ ਬਿੰਦੂਆਂ ਦੀ ਗਿਣਤੀ ਕਰੋ :–

$2 \times 3 = 6$ $\quad$ $3 \times 2 = 6$





ਖੜਵੀਂ ਸਥਿਤੀ ਵਿੱਚ ਤੀਲੀਆਂ = 3
ਲੇਟਵੀਂ ਸਥਿਤੀ ਵਿੱਚ ਤੀਲੀਆਂ = 0
ਕਾਟ ਬਿੰਦੂਆਂ ਦੀ ਗਿਣਤੀ = 0
$3 \times 0 = 0$

ਖੜਵੀਂ ਸਥਿਤੀ ਵਿੱਚ ਤੀਲੀਆਂ = 0
ਲੇਟਵੀਂ ਸਥਿਤੀ ਵਿੱਚ ਤੀਲੀਆਂ = 4
ਕਾਟ ਬਿੰਦੂਆਂ ਦੀ ਗਿਣਤੀ = 0
$0 \times 4 = 0$

### ਅਧਿਆਪਕ ਸੰਕੇਤ :

- ਅੰਕ ਬਦਲ–ਬਦਲ ਕੇ ਬੱਚਿਆਂ ਨੂੰ ਸਮੂਹ ਵਿੱਚ ਤੀਲੀਆਂ ਨਾਲ ਕਿਰਿਆ ਕਰਵਾਉਂਦੇ ਹੋਏ ਮੌਖਿਕ ਸਵਾਲ ਪੁੱਛਣਾ।
- ਤੀਲੀਆਂ ਨਾਲ ਗੁਣਾ ਦੇ ਅਗਲੇ ਪੰਨਿਆਂ 'ਤੇ ਦਿੱਤੇ ਤਿੰਨੋ ਗੁਣ ਸਮਝਾਉਣਾ।



**ਆਓ ਕਰੀਏ**

## ਚਿੱਤਰ ਦੇਖ ਕੇ ਖਾਲੀ ਥਾਂ ਭਰੋ



1 × 4 = 4



☐ × ☐ = ☐



☐ × ☐ = ☐



☐ × ☐ = ☐



☐ × ☐ = ☐



☐ × ☐ = ☐



☐ × ☐ = ☐



☐ × ☐ = ☐



☐ × ☐ = ☐

ਆਓ ਸਿੱਖੀਏ

# ਪਹਾੜੇ

| | | | | |
|---|---|---|---|---|
| 2 | × | 1 | = | 2 |
| 2 | × | 2 | = | 4 |
| 2 | × | 3 | = | 6 |
| 2 | × | 4 | = | 8 |
| 2 | × | 5 | = | 10 |
| 2 | × | 6 | = | 12 |
| 2 | × | 7 | = | 14 |
| 2 | × | 8 | = | 16 |
| 2 | × | 9 | = | 18 |
| 2 | × | 10 | = | 20 |

| | | | | |
|---|---|---|---|---|
| 3 | × | 1 | = | 3 |
| 3 | × | 2 | = | 6 |
| 3 | × | 3 | = | 9 |
| 3 | × | 4 | = | 12 |
| 3 | × | 5 | = | 15 |
| 3 | × | 6 | = | 18 |
| 3 | × | 7 | = | 21 |
| 3 | × | 8 | = | 24 |
| 3 | × | 9 | = | 27 |
| 3 | × | 10 | = | 30 |

| | | | | |
|---|---|---|---|---|
| 4 | × | 1 | = | 4 |
| 4 | × | 2 | = | 8 |
| 4 | × | 3 | = | 12 |
| 4 | × | 4 | = | 16 |
| 4 | × | 5 | = | 20 |
| 4 | × | 6 | = | 24 |
| 4 | × | 7 | = | 28 |
| 4 | × | 8 | = | 32 |
| 4 | × | 9 | = | 36 |
| 4 | × | 10 | = | 40 |

| | | | | |
|---|---|---|---|---|
| 5 | × | 1 | = | 5 |
| 5 | × | 2 | = | 10 |
| 5 | × | 3 | = | 15 |
| 5 | × | 4 | = | 20 |
| 5 | × | 5 | = | 25 |
| 5 | × | 6 | = | 30 |
| 5 | × | 7 | = | 35 |
| 5 | × | 8 | = | 40 |
| 5 | × | 9 | = | 45 |
| 5 | × | 10 | = | 50 |

| | | | | |
|---|---|---|---|---|
| 10 | × | 1 | = | 10 |
| 10 | × | 2 | = | 20 |
| 10 | × | 3 | = | 30 |
| 10 | × | 4 | = | 40 |
| 10 | × | 5 | = | 50 |
| 10 | × | 6 | = | 60 |
| 10 | × | 7 | = | 70 |
| 10 | × | 8 | = | 80 |
| 10 | × | 9 | = | 90 |
| 10 | × | 10 | = | 100 |



## ਆਓ ਕਰੀਏ

## ਪਹਾੜੇ ਲਿਖੋ

| 2 × 1 = 2 | 3 × 1 = 3 | 4 × 1 = 4 | 5 × 1 = 5 |
|---|---|---|---|

| 3 × 1 = 3 | 4 × 1 = 4 | 5 × 1 = 5 | 10 × 1 = 10 |
|---|---|---|---|

## ਸ਼ਾਬਦਿਕ ਸਵਾਲ

### ਰੋਜ਼ਾਨਾ ਜ਼ਿੰਦਗੀ ਵਿੱਚ



ਇੱਕ ਬਿੱਲੀ ਦੀਆਂ 2 ਅੱਖਾਂ ਹਨ। 4 ਬਿੱਲੀਆਂ ਦੀਆਂ ਕਿੰਨੀਆਂ ਅੱਖਾਂ ਹਨ ?

4 × 2 = 8



ਇੱਕ ਖਰਗੋਸ਼ ਦੇ 2 ਕੰਨ ਹਨ। 5 ਖਰਗੋਸ਼ਾਂ ਦੇ ਕੰਨ ਦੱਸੋ।

☐ × ☐ = ☐



ਇੱਕ ਮੇਜ਼ ਦੀਆਂ 4 ਲੱਤਾਂ ਹਨ। 3 ਮੇਜ਼ਾਂ ਦੀਆਂ ਕਿੰਨੀਆਂ ਲੱਤਾਂ ਹਨ?

☐ × ☐ = ☐



ਇੱਕ ਫੁੱਲ ਦੀਆਂ 3 ਪੱਤੀਆਂ ਹਨ। 8 ਫੁੱਲਾਂ ਦੀਆਂ ਪੱਤੀਆਂ ਦੱਸੋ।

☐ × ☐ = ☐



ਇੱਕ ਜੀਪ ਦੇ 4 ਟਾਇਰ ਹਨ। 5 ਜੀਪਾਂ ਦੇ ਕਿੰਨੇ ਟਾਇਰ ਹੋਣਗੇ?

☐ × ☐ = ☐



ਇੱਕ ਮਾਲਾ ਵਿੱਚ 10 ਮੋਤੀ ਹਨ। 8 ਮਾਲਾ ਵਿੱਚ ਕਿੰਨੇ ਮੋਤੀ ਹੋਣਗੇ?

☐ × ☐ = ☐



ਇੱਕ ਹੱਥ ਦੀਆਂ 5 ਉਂਗਲਾਂ ਹਨ। ਦੋ ਹੱਥਾਂ ਦੀਆਂ ਉਂਗਲਾਂ ਦੱਸੋ।

$\square \times \square = \square$



ਇੱਕ ਕੁਰਸੀ ਦੀਆਂ 4 ਲੱਤਾਂ ਹਨ। 5 ਕੁਰਸੀਆਂ ਦੀਆਂ ਲੱਤਾਂ ਦੱਸੋ।

$\square \times \square = \square$



ਇੱਕ ਬਿੱਲੀ ਦੀਆਂ 4 ਲੱਤਾਂ ਹਨ। 10 ਬਿੱਲੀਆਂ ਦੀਆਂ ਲੱਤਾਂ ਦੱਸੋ।

$\square \times \square = \square$

ਇੱਕ ਗੁਬਾਰਾ 5 ਰੁਪਏ ਦਾ ਹੈ। 4 ਗੁਬਾਰਿਆਂ ਦਾ ਮੁੱਲ ਦੱਸੋ।

$\square \times \square = \square$



ਇੱਕ ਟਾਫੀ 2 ਰੁਪਏ ਦੀ ਹੈ। 4 ਟਾਫ਼ੀਆਂ ਦਾ ਮੁੱਲ ਦੱਸੋ।

$\square \times \square = \square$







## ਕ੍ਰਮ ਬਦਲ ਕੇ ਗੁਣਾ :–



$2 \times 5 = 10$



$5 \times 2 = 10$

$2 \times 5 = 5 \times 2$

**ਕ੍ਰਮ ਬਦਲ ਕੇ ਗੁਣਾ ਕਰਨ ਤੇ ਵੀ ਉਹੀ ਜਵਾਬ ਆਉਂਦਾ ਹੈ।**

## ਇੱਕ ਨਾਲ ਗੁਣਾ :–



$1 \times 5 = 5$



$7 \times 1 = 7$

**ਸੰਖਿਆ ਨੂੰ 1 ਨਾਲ ਗੁਣਾ ਕਰਨ ਤੇ ਓਹੀ ਸੰਖਿਆ ਰਹਿੰਦੀ ਹੈ।**

ਸੰਖਿਆ × 1 = ਸੰਖਿਆ

| | | | | | | | | | |
|---|---|---|---|---|---|---|---|---|---|
| 1 | × | 1 | = | 1 | 6 | × | 1 | = | 6 |
| 2 | × | 1 | = | 2 | 7 | × | 1 | = | 7 |
| 3 | × | 1 | = | 3 | 8 | × | 1 | = | 8 |
| 4 | × | 1 | = | 4 | 9 | × | 1 | = | 9 |
| 5 | × | 1 | = | 5 | 10 | × | 1 | = | 10 |

## ਜ਼ਿਫ਼ਰ (0) ਨਾਲ ਗੁਣਾ :–

$3 \times 0 = 0$

$5 \times 0 = 0$

ਸੰਖਿਆ × 0 = 0

**ਸੰਖਿਆ ਨੂੰ '0' ਨਾਲ ਗੁਣਾ ਕਰਨ 'ਤੇ ਹਰ ਵਾਰ '0' ਆਉਂਦੀ ਹੈ।**

| | | | | | | | | | |
|---|---|---|---|---|---|---|---|---|---|
| 1 | × | 0 | = | 0 | 6 | × | 0 | = | 0 |
| 2 | × | 0 | = | 0 | 7 | × | 0 | = | 0 |
| 3 | × | 0 | = | 0 | 8 | × | 0 | = | 0 |
| 4 | × | 0 | = | 0 | 9 | × | 0 | = | 0 |
| 5 | × | 0 | = | 0 | 10 | × | 0 | = | 0 |

- ਜਦੋਂ ਅਸੀਂ ਕਿਸੇ ਸੰਖਿਆ ਦਾ ਪਹਾੜਾ ਪੜ੍ਹਦੇ ਹਾਂ ਤਾਂ ਆਉਣ ਵਾਲੀਆਂ ਸੰਖਿਆਵਾਂ ਪਹਾੜੇ ਵਾਲੀ ਸੰਖਿਆ ਦੇ ਗੁਣਜ ਹੁੰਦੀਆਂ ਹਨ ਜਿਵੇਂ ਕਿ **2, 4, 6, 8, 10 .......** ਸੰਖਿਆ 2 ਦੇ ਗੁਣਜ ਹਨ।
- 2 ਦੇ ਗੁਣਜ ਦੇ ਅੰਤ ਵਿੱਚ 0, 2, 4, 6, 8 ਆਉਂਦਾ ਹੈ।
- 5 ਦੇ ਗੁਣਜ ਦੇ ਅੰਤ ਵਿੱਚ 5 ਜਾਂ 0 ਆਉਂਦਾ ਹੈ।



## ਆਓ ਕਰੀਏ

1. ਖਾਲੀ ਥਾਵਾਂ ਭਰੋ :–

| | | |
|---|---|---|
| 4 × 2 = □ × 4 | 9 × 7 = □ × □ | □ × 5 = □ × 4 |
| 9 × 3 = □ × 9 | 5 × 9 = □ × □ | □ × 2 = □ × 9 |
| 7 × □ = 4 × 7 | 5 × 7 = □ × □ | 6 × □ = 8 × □ |

2. ਖ਼ਾਲੀ ਥਾਵਾਂ ਭਰੋ :–

| | | |
|---|---|---|
| 5 × 1 = □ | 3 × 0 = □ | 4 × 0 = □ |
| 7 × 1 = □ | 7 × 0 = □ | 9 × 0 = □ |
| 4 × 1 = □ | 5 × 0 = □ | 6 × 0 = □ |
| 3 × 1 = □ | 0 × 2 = □ | 0 × 4 = □ |
| 8 × 1 = □ | 0 × 3 = □ | 0 × 6 = □ |
| 9 × 1 = □ | 0 × 8 = □ | 0 × 9 = □ |

3. 2 ਦੇ ਗੁਣਜ 'ਤੇ ਠੀਕ (✓) ਦਾ ਨਿਸ਼ਾਨ ਲਗਾਓ :–

| 14 | 13 | 18 | 16 | 20 | 17 |
|---|---|---|---|---|---|
| □ | □ | □ | □ | □ | □ |

4. 5 ਦੇ ਗੁਣਜ 'ਤੇ ਠੀਕ (✓) ਦਾ ਨਿਸ਼ਾਨ ਲਗਾਓ :–

| 12 | 15 | 10 | 18 | 20 | 30 |
|---|---|---|---|---|---|
| □ | □ | □ | □ | □ | □ |

## 5. ਖਾਲੀ ਥਾਵਾਂ ਭਰੋ :-

| | | |
|---|---|---|
| $4 \times 2 =$ ☐ | $5 \times 2 =$ ☐ | $2 \times 5 =$ ☐ |
| $4 \times 4 =$ ☐ | $9 \times 3 =$ ☐ | $9 \times 4 =$ ☐ |
| $8 \times 3 =$ ☐ | $4 \times 10 =$ ☐ | $7 \times 10 =$ ☐ |
| $5 \times 5 =$ ☐ | $3 \times 3 =$ ☐ | $2 \times 2 =$ ☐ |
| $7 \times 2 =$ ☐ | $7 \times 4 =$ ☐ | $7 \times 5 =$ ☐ |
| $8 \times 2 =$ ☐ | $8 \times 3 =$ ☐ | $2 \times 10 =$ ☐ |

## 6. ਇੱਕ ਅੰਕੀ ਸੰਖਿਆ ਨੂੰ ਇੱਕ ਅੰਕੀ ਸੰਖਿਆ ਨਾਲ ਗੁਣਾ ਕਰੋ :-

| | | | |
|---|---|---|---|
| $4 \times 2 =$ $\begin{array}{r} 4 \\ \times\ 2 \\ \hline \\ \hline \end{array}$ | $5 \times 3 =$ $\begin{array}{r} 5 \\ \times\ 3 \\ \hline \\ \hline \end{array}$ | $9 \times 3 =$ $\begin{array}{r} 9 \\ \times\ 3 \\ \hline \\ \hline \end{array}$ | $7 \times 5 =$ $\begin{array}{r} 7 \\ \times\ 5 \\ \hline \\ \hline \end{array}$ |
| $6 \times 2 =$ | $5 \times 3 =$ | $7 \times 5 =$ | $7 \times 4 =$ |
| $7 \times 2 =$ | $6 \times 4 =$ | $4 \times 5 =$ | $3 \times 10 =$ |
| $9 \times 2 =$ | $8 \times 3 =$ | $9 \times 5 =$ | $8 \times 10 =$ |



ਰਮਨ ਕੋਲ ਦੋ ਬਦਾਮ ਸੀ ਅਤੇ ਅਮਨ ਕੋਲ ਵੀ ਦੋ ਬਦਾਮ ਸੀ। ਦੋਵਾਂ ਕੋਲ ਕਿੰਨੇ ਬਦਾਮ ਸਨ?

$2 + 2 = 4$



ਪਰ 2 × 2 ਵੀ 4 ਹੁੰਦਾ ਹੈ

ਦੁੱਗਣਾ ਮਤਲਬ ਦੋ ਗੁਣਾ



$3 + 3 = 6$ ਜਾਂ $2 \times 3 = 6$



**ਆਓ ਕਰੀਏ**

ਖਾਲੀ ਥਾਂ ਭਰੋ :–

(a) 2 ਦਾ ਦੁੱਗਣਾ ––––––

(b) 3 ਦਾ ਦੁੱਗਣਾ ––––––

(c) 4 ਦਾ ਦੁੱਗਣਾ ––––––

(d) 5 ਦਾ ਦੁੱਗਣਾ ––––––

(e) 6 ਦਾ ਦੁੱਗਣਾ ––––––

(f) 7 ਦਾ ਦੁੱਗਣਾ ––––––

(g) 8 ਦਾ ਦੁੱਗਣਾ ––––––

(h) 9 ਦਾ ਦੁੱਗਣਾ ––––––

| × | 2 | 3 | 4 | 5 |
|---|---|---|---|---|
| 2 | | | | |
| 3 | | | | |
| 4 | | | | |
| 5 | | | | |

**ਉਦੇਸ਼** – ਪਹਾੜੇ ਲਿਖਣਾ

**ਸਮੱਗਰੀ** – ਪੇਪਰ ਪਲੇਟ ਅਤੇ ਰੰਗ

**ਵਿਧੀ** –

1. ਦਿਖਾਏ ਅਨੁਸਾਰ ਪੇਪਰ ਉੱਤੇ ਲਾਈਨਾਂ ਲਗਾਓ।
2. ਵਿਚਕਾਰਲੇ ਚੱਕਰ 'ਤੇ (ਉਹ ਪਹਾੜਾ ਲਿਖਵਾਉ ਜਿਹੜਾ ਉਸ ਬੱਚੇ ਨੇ ਕਰਨਾ ਹੈ) 2 ਤੋਂ 5 ਵਿੱਚੋਂ ਕੋਈ ਇੱਕ ਅੰਕ ਲਿਖੋ।
3. ਹੁਣ ਉਸਦੇ ਬਾਹਰ ਚੱਕਰ 'ਤੇ 1 ਤੋਂ 10 ਤੱਕ ਗਿਣਤੀ ਲਿਖੋ।
4. ਬੱਚਿਆਂ ਨੂੰ ਗੁਣਾ ਕਰਨ 'ਤੇ ਪਹਾੜਾ ਪੂਰਾ ਕਰਨ ਨੂੰ ਕਹੋ।




## ਆਓ ਕਰੀਏ







### ਅਧਿਆਪਕ ਸੰਕੇਤ :

- ਵੱਖ-ਵੱਖ ਪਹਾੜੇ ਬਣਵਾਉ।
- ਰੰਗਾਂ ਨਾਲ ਸਜਾਉਣ ਨੂੰ ਕਹੋ ਅਤੇ ਜਮਾਤ ਵਿੱਚ ਰੱਖੋ।

## ਆਓ ਦਸ-ਦਸ ਦੇ ਨੋਟ ਗਿਣੀਏ :-

| | | |
|---|---|---|
|  | $= 1 \times 10$ | $= 10$ |
|  | $= 2 \times 10$ | = ______ |
|  | $= 4 \times 10$ | = ______ |
|  | = ______ | = ______ |
|  | = ______ | = ______ |

## 10 ਦੇ ਗੁਣਜ 'ਤੇ ਠੀਕ (✓) ਦਾ ਨਿਸ਼ਾਨ ਲਗਾਓ :-

| 18 | 20 | 30 | 70 | 37 | 40 |
|---|---|---|---|---|---|
| ☐ | ✓ | ✓ | ✓ | ☐ | ✓ |
| 35 | 40 | 50 | 86 | 90 | 60 |
| ☐ | ☐ | ☐ | ☐ | ☐ | ☐ |
| 42 | 23 | 50 | 96 | 70 | 88 |
| ☐ | ☐ | ☐ | ☐ | ☐ | ☐ |

**10 ਦੇ ਗੁਣਜ ਦੇ ਅੰਤ 'ਤੇ 0 ਹੁੰਦੀ ਹੈ ।**



## ਆਓ ਸਿੱਖੀਏ

# ਦੋ ਅੰਕੀ ਸੰਖਿਆ ਨੂੰ ਇੱਕ ਅੰਕੀ ਸੰਖਿਆ ਨਾਲ ਗੁਣਾ ਕਰਨਾ

1. ਸੰਖਿਆ (20 × 2) ਨੂੰ ਉਸਦੇ ਸਥਾਨ ਦੇ ਅਨੁਸਾਰ ਲਿਖੋ ।

| ਦ. | ਇ. |
|---|---|
| 2 | 0 |
| × | 2 |

2. 2 ਨੂੰ 0 (ਇਕਾਈ ਦੇ ਅੰਕ) ਨਾਲ ਗੁਣਾ ਕਰੋ ।

   2 × 0 = '0' ਇਕਾਈ ਦੀ ਥਾਂ 'ਤੇ ਲਿਖੋ ।

| ਦ. | ਇ. |
|---|---|
| 2 | 0 |
| × | 2 |
| | 0 |

3. 2 ਨੂੰ 2 (ਦਹਾਈ ਦੇ ਅੰਕ) ਨਾਲ ਗੁਣਾ ਕਰੋ ।

   2 × 2 = '4' ਦਹਾਈ ਦੀ ਥਾਂ 'ਤੇ ਲਿਖੋ ।

| ਦ. | ਇ. |
|---|---|
| 2 | 0 |
| × | 2 |
| 4 | 0 |



## ਆਓ ਕਰੀਏ

| ਦ. ਇ. | ਦ. ਇ. | ਦ. ਇ. | ਦ. ਇ. |
|---|---|---|---|
| 1 0 × 2 | 4 0 × 3 | 5 0 × 2 | 2 0 × 3 |
| 1 0 × 5 | 2 0 × 3 | 3 0 × 4 | 6 0 × 5 |
| 2 0 × 4 | 4 0 × 5 | 8 0 × 4 | 7 0 × 2 |




# ਵੱਡੀਆਂ ਸੰਖਿਆ ਦੀ ਗੁਣਾ



1 ਮਾਲਾ ਵਿੱਚ 23 ਮੋਤੀ ਹਨ। ਇਸ ਤਰ੍ਹਾਂ ਦੀਆਂ 5 ਮਾਲਾ ਵਿੱਚ ਕਿੰਨੇ ਮੋਤੀ ਹੋਣਗੇ ?



ਕਿਸ ਤਰ੍ਹਾਂ ਕਰੀਏ ?



ਪਹਿਲਾਂ 23 ਨੂੰ ਤੋੜੋ 20 + 3

| × | 20 | 3 |
|---|---|---|
| 5 | | |



$5 \times 20 = 100$ ਅਤੇ $5 \times 3 = 15$

| × | 20 | 3 |
|---|---|---|
| 5 | 100 | 15 |



100 ਅਤੇ 15 ਨੂੰ ਜੋੜ ਦਿਓ

| × | 20 | 3 |
|---|---|---|
| 5 | 100 | 15 |

= 115



ਇਹ ਤਾਂ ਬੜਾ ਸੌਖਾ ਹੈ ।

## ਅਧਿਆਪਕ ਸੰਕੇਤ :

- ਸੰਖਿਆਵਾਂ ਨੂੰ ਤੋੜ ਕੇ, ਸੰਖਿਆਂ ਦੀ ਗੁਣਾ ਨੂੰ ਕਿਰਿਆਵਾਂ ਨਾਲ ਕਰਕੇ ਗੁਣਾ ਦੀ ਧਾਰਨਾ ਵਿਕਸਿਤ ਕਰਨਾ ।
- ਪ੍ਰਚਲਿਤ ਤਰੀਕੇ ਨਾਲ ਗੁਣਾ, ਸਮਝ ਵਿੱਚ ਰੁਕਾਵਟ ਪਾਉਂਦਾ ਹੈ ।
- ਮਨ ਹੀ ਮਨ ਗੁਣਾ ਕਰਨ ਨੂੰ ਕਹਿਣਾ, ਅੰਦਾਜ਼ਾ ਪੁੱਛਣਾ ਫਿਰ ਸਵਾਲ ਕਰਨਾ ।

ਇੱਕ ਕਿਆਰੀ ਵਿੱਚ ਫੁੱਲਾਂ ਦੇ 32 ਪੌਦੇ ਲੱਗੇ ਹਨ । ਇਸ ਤਰ੍ਹਾਂ ਦੀਆਂ 3 ਕਿਆਰੀਆਂ ਵਿੱਚ ਕਿੰਨੇ ਫੁੱਲਾਂ ਦੇ ਪੌਦੇ ਹਨ?

ਕਿਆਰੀਆਂ ਦੀ ਗਿਣਤੀ = 3

1 ਕਿਆਰੀ ਵਿੱਚ ਫੁੱਲਾਂ ਦੇ ਪੌਦੇ = 32

ਕੁੱਲ ਫੁੱਲਾਂ ਦੇ ਪੌਦੇ =

ਅੰਦਾਜ਼ਾ

32 × 3 ਦਾ ਮਤਲਬ

30 × 3

ਜੋ ਕਿ 100 ਤੋਂ ਘੱਟ ਹੈ।



| × | 30 | 2 |
|---|---|---|
| 3 | | |

→

| × | 30 | 2 |
|---|---|---|
| 3 | | 6 |

→

| × | 30 | 2 |
|---|---|---|
| 3 | 90 | 6 |

= 96



**ਆਓ ਕਰੀਏ**

1. ਇੱਕ ਆਈਸਕ੍ਰੀਮ 55 ਰੁਪਏ ਦੀ ਹੈ । ਇਸ ਤਰ੍ਹਾਂ ਦੀਆਂ 5 ਆਈਸਕ੍ਰੀਮਾਂ ਦਾ ਮੁੱਲ ਦੱਸੋ?

| × | 50 | 5 |
|---|---|---|
| 5 | | |

$55 \times 5 =$

ਅੰਦਾਜ਼ਾ =

2. ਇੱਕ ਚਾਕ ਦੇ ਡੱਬੇ ਵਿੱਚ 43 ਚਾਕ ਹਨ। 3 ਡੱਬਿਆਂ ਵਿੱਚ ਕਿੰਨੇ ਚਾਕ ਹੋਣਗੇ ?

| × | 40 | 3 |
|---|---|---|
| 3 | | |

$43 \times 3 =$

ਅੰਦਾਜ਼ਾ =




## ਕਾਲਮ ਵਿਧੀ ਨਾਲ ਗੁਣਾ :-

$12 \times 2$

2 ਇਕਾਈਆਂ × 2 = 4 ਇਕਾਈਆਂ ⟶

1 ਦਹਾਈ × 2 = 2 ਦਹਾਈਆਂ ⟶

| ਦਹਾਈ | ਇਕਾਈ |
|---|---|
| | 4 |
| 2 | 0 |
| 2 | 4 |

$$\begin{array}{rrl} & 1\;\;2 & \\ \times & 2 & \\ \hline & 4 & \leftarrow 2 \times 2 \\ & 2\;\;0 & \leftarrow 10 \times 2 \\ \hline & 2\;\;4 & \\ \hline \end{array}$$

$28 \times 3$

8 ਇਕਾਈਆਂ × 3 = 24 ਇਕਾਈਆਂ ⟶

= 2 ਦਹਾਈਆਂ + 4 ਇਕਾਈ

2 ਦਹਾਈਆਂ × 3 = 6 ਦਹਾਈਆਂ ⟶

| ਦਹਾਈ | ਇਕਾਈ |
|---|---|
| 2 | 4 |
| 6 | 0 |
| 8 | 4 |

$$\begin{array}{rrl} & 2\;\;8 & \\ \times & 3 & \\ \hline & 2\;\;4 & \leftarrow 8 \times 3 \\ & 6\;\;0 & \leftarrow 20 \times 3 \\ \hline & 8\;\;4 & \\ \hline \end{array}$$




$$\begin{array}{rrl} & 8\;\;6 & \\ \times & 5 & \\ \hline & __ & \leftarrow 6 \times 5 \\ & __ & \leftarrow 80 \times 5 \\ \hline & __ & \\ \hline \end{array}$$

$$\begin{array}{rrl} & 6\;\;2 & \\ \times & 2 & \\ \hline & __ & \leftarrow 2 \times 2 \\ & __ & \leftarrow 60 \times 2 \\ \hline & __ & \\ \hline \end{array}$$

$$\begin{array}{rrl} & 7\;\;8 & \\ \times & 3 & \\ \hline & __ & \leftarrow 8 \times 3 \\ & __ & \leftarrow 70 \times 3 \\ \hline & __ & \\ \hline \end{array}$$

## ਆਓ ਸਿੱਖੀਏ

## ਦੋ ਅੰਕੀ ਸੰਖਿਆ ਨੂੰ ਦੋ ਅੰਕੀ ਸੰਖਿਆ ਨਾਲ ਗੁਣਾ

| | | |
|---|---|---|
|  | 10 ਰੁਪਏ ਦੇ 10 ਕਰੰਸੀ ਨੋਟ ਹੋਣ ਤਾਂ ਕਿੰਨੇ ਰੁਪਏ ਹੋਣਗੇ? | $10 \times 10 = 100$ |
|  | 10 ਰੁਪਏ ਦੇ 15 ਕਰੰਸੀ ਨੋਟ ਹੋਣ ਤਾਂ ਕਿੰਨੇ ਰੁਪਏ ਹੋਣਗੇ? | $15 \times 10 = 150$ |
|  | 10 ਰੁਪਏ ਦੇ 20 ਕਰੰਸੀ ਨੋਟ ਹੋਣ ਤਾਂ ਕਿੰਨੇ ਰੁਪਏ ਹੋਣਗੇ? | $20 \times 10 = 200$ |

## ਆਓ ਕਰੀਏ

$20 \times 10 =$

$30 \times 10 =$

$40 \times 10 =$

$60 \times 10 =$

$70 \times 10 =$

$90 \times 10 =$




# ਦੋ ਅੰਕੀ ਸੰਖਿਆ ਨੂੰ ਦੋ ਅੰਕੀ ਸੰਖਿਆ ਨਾਲ ਗੁਣਾ



ਇੱਕ ਪੈਕਟ ਵਿੱਚ 25 ਬਿਸਕੁਟ ਹਨ। 13 ਪੈਕਟਾਂ ਵਿੱਚ ਕਿੰਨੇ ਬਿਸਕੁਟ ਹੋਣਗੇ ?



ਕਿਸ ਤਰ੍ਹਾਂ ਕਰੀਏ ?

ਪਹਿਲਾਂ 25 ਅਤੇ 13 ਨੂੰ ਤੋੜੋ

25 = 20 +5

13 = 10+3

| × | 20 | 5 |
|---|---|---|
| 10 | | |
| 3 | | |



10 × 20 = 200 ਤੇ 10 × 5 = 50

| × | 20 | 5 |
|---|---|---|
| 10 | 200 | 50 |
| 3 | | |

3 × 20 = 60 ਤੇ 3 × 5 = 15

| × | 20 | 5 |
|---|---|---|
| 10 | 200 | 50 |
| 3 | 60 | 15 |



200 + 50 + 60 + 15 ਦਾ ਜੋੜ ਕਰੋ

| × | 20 | 5 |
|---|---|---|
| 10 | 200 | 50 |
| 3 | 60 | 15 |

= 325

ਇਹ ਤਾਂ ਬੜਾ ਸੌਖਾ ਹੈ ।





## ਆਓ ਕਰੀਏ

32 × 21 =

22 × 32 =

32 × 33 =

12 × 52 =

23 × 12 =

42 × 25 =

15 × 42 =

33 × 32 =

25 × 31 =

55 × 12 =

52 × 32 =

35 × 23 =

## ਆਓ ਸਿੱਖੀਏ

# ਤਿੰਨ ਅੰਕੀ ਸੰਖਿਆਵਾਂ ਦੀ ਗੁਣਾ

| | | |
|---|---|---|
|  | 100 ਰੁ: ਦੇ 1 ਕਰੰਸੀ ਨੋਟ | 1 × 100 = 100 |
|  | 100 ਰੁ: ਦੇ 2 ਕਰੰਸੀ ਨੋਟ ਹੋਣ ਤਾਂ ਕਿੰਨੇ ਰੁਪਏ ਹੋਣਗੇ | 2 × 100 = 200 |

## ਆਓ ਕਰੀਏ

| | | |
|---|---|---|
| 2 × 100 = | 3 × 100 = | 8 × 100 = |
| 5 × 100 = | 2 × 200 = | 2 × 300 = |
| 7 × 100 = | 3 × 200 = | 3 × 300 = |
| 9 × 100 = | 5 × 200 = | 2 × 400 = |



## ਆਓ ਸਿੱਖੀਏ

## ਤਿੰਨ ਅੰਕੀ ਸੰਖਿਆ ਨੂੰ ਇੱਕ ਅੰਕੀ ਸੰਖਿਆ ਨਾਲ ਗੁਣਾ

ਪਹਿਲਾਂ ਦੱਸੇ ਸਵਾਲ ਅਨੁਸਾਰ ਤਿੰਨ ਅੰਕੀ ਸੰਖਿਆ ਨੂੰ ਵੀ ਅਸੀਂ ਤੋੜ ਕੇ ਗੁਣਾ ਕਰ ਸਕਦੇ ਹਾਂ :

ਜਿਵੇਂ ਕਿ $121 \times 4$

$121 = 100 + 20 + 1$

| × | 100 | 20 | 1 |
|---|---|---|---|
| 4 | 400 | 80 | 4 |

$$\begin{array}{r} = 400 \\ 80 \\ + \quad 4 \\ \hline 484 \\ \hline \end{array}$$

$121 \times 4 = 484$

- ਗੁਣਾ ਦੇ ਉੱਤਰ ਨੂੰ ਗੁਣਨਫਲ ਕਿਹਾ ਜਾਂਦਾ ਹੈ।



## ਆਓ ਕਰੀਏ

$114 \times 2$

| × | 100 | 10 | 4 |
|---|---|---|---|
| 2 | | | |

=

$221 \times 3$

| × | | | |
|---|---|---|---|
| | | | |

=

$122 \times 3$

| × | | | |
|---|---|---|---|
| | | | |

=

$212 \times 4$

| × | | | |
|---|---|---|---|
| | | | |

=

$214 \times 2$

| × | | | |
|---|---|---|---|
| | | | |

=

$133 \times 3$

| × | | | |
|---|---|---|---|
| | | | |

=




## ਗੁਣਾ ਕਰਨ ਦੀ ਲੇਟਿਸ ਐਲਗੋਰਿਥਮ (Lettice Algoritham) ਵਿਧੀ :-

$58 \times 3$

ਪਗ 1 : $8 \times 3 =$ 

ਇਸ ਢੰਗ ਨਾਲ ਲਿਖੋ ।

ਪਗ **2 :** $5 \times 3 =$ 

ਇਸ ਢੰਗ ਨਾਲ ਲਿਖੋ ।

ਪਗ 2 : ਇਕਾਈ ਦਾ ਅੰਕ ਲਿਖੋ = 4, ਦਹਾਈ ਵਾਲੇ ਸਥਾਨ 'ਤੇ ਵਿਕਰਣੀ ਅੰਕਾਂ (ਆਸਮਾਨੀ ਰੰਗ ਵਾਲੇ) ਦੇ ਜੋੜ ਦਾ ਇਕਾਈ ਦਾ ਅੰਕ = 5+ 2 = 7, ਲਿਖੋ ਸੈਂਕੜੇ ਵਾਲੇ ਸਥਾਨ 'ਤੇ ਵਿਕਰਣੀ ਅੰਕ (ਪੀਲਾ ਰੰਗ) 1 ਲਿਖੋ। ਹੁਣ ਅੰਕ 1, 7, 4 ਆਇਆ ਜਿਸ ਤੋਂ ਕਿ ਸੰਖਿਆ 174 ਬਣਦੀ ਹੈ ਜੋ ਕਿ $58 \times 3$ ਦਾ ਗੁਣਨਫਲ ਹੈ ।

ਪਗ **3 :**




$58 \times 3 = 174$



### ਆਓ ਕਰੀਏ

$24 \times 2$



$33 \times 3$



$43 \times 5$



## ਪ੍ਰਯੋਗੀ ਕਿਰਿਆ

**ਉਦੇਸ਼** : ਗੁਣਾ ਦੀ ਸਮਝ ਵਿਕਸਿਤ ਕਰਨਾ

**ਸਮੱਗਰੀ** : ਤੀਲੀਆਂ

**ਵਿਧੀ** : 42 × 3

(i) ਦਿੱਤੀ ਸੰਖਿਆ ਦੇ ਦਹਾਈ ਅਤੇ ਇਕਾਈ ਅੰਕ ਅਨੁਸਾਰ ਤੀਲੀਆਂ ਰੱਖੋ (ਜਿਸ ਸੰਖਿਆ ਨੂੰ ਗੁਣਾ ਕਰਨਾ ਹੈ))

ਉਦਾਹਰਣ 42 = 4 ਦਹਾਈਆਂ 2 ਇਕਾਈਆਂ




(ii) ਹੁਣ ਜਿਸ ਸੰਖਿਆ ਨਾਲ ਗੁਣਾ ਕਰਨਾ ਹੈ ਉਸ ਸੰਖਿਆ ਅਨੁਸਾਰ ਜਿਵੇਂ ਕਿ ਉਦਾਹਰਣ ਅਨੁਸਾਰ 3 ਤੀਲੀਆਂ ਨੂੰ ਪਹਿਲੀਆਂ ਤੀਲੀਆਂ ਦੇ ਉਪਰ ਦਿਖਾਏ ਅਨੁਸਾਰ ਰੱਖੋ ।



(ii) ਹੁਣ, ਕਾਟ ਬਿੰਦੂਆਂ ਦੀ ਗਿਣਤੀ ਦਹਾਈਆਂ, ਇਕਾਈਆਂ ਵਿੱਚ ਕਰੋ ।



12 ਦਹਾਈਆਂ 6 ਇਕਾਈਆਂ
= 126

**ਅਧਿਆਪਕ ਸੰਕੇਤ :**

ਅਧਿਆਪਕ ਸੰਖਿਆ ਬਦਲ-ਬਦਲ ਕੇ ਗੁਣਾ ਦੀ ਸਮਝ ਵਿਕਸਿਤ ਕਰਨ।

# ਵਰਕਸ਼ੀਟ

1. ਮਿਲਾਨ ਕਰੋ :–

| | |
|---|---|
| 4 × 3 | 18 |
| 3 × 6 | 35 |
| 5 × 7 | 90 |
| 9 × 10 | 12 |

2. ਠੀਕ ਜਵਾਬ ’ਤੇ ਚੱਕਰ ਲਗਾਓ :–

(i) 12 × 3 = 39 36 63 (ii) 10 × 5 = 60 40 50

3. ਖਾਲੀ ਥਾਵਾਂ ਭਰੋ :–

(i) 5 + 5 + 5 + 5 + 5 = _____ × _____

(ii) 10 + 10 + 10 + 10 + 10 + 10 + 10 = _____ × _____

4. ਖਾਲੀ ਥਾਵਾਂ ਭਰੋ :–

(i) 0 × 5 =

(ii) 4 × 1 =

(iii) 3 × 2 = ☐ × ☐

5. ਗੁਣਾ ਕਰੋ :–

(i) 25 × 3

(ii) 42 × 14

(iii) 70 × 10

6. ਖਾਲੀ ਥਾਵਾਂ ਭਰੋ :–

(i) 7 × ____ = 21

(ii) 4 × ____ = 16

(iii) ____ × 5 = 20

7. ਚਾਰ ਦਾ ਪਹਾੜਾ ਲਿਖੋ :–

## ਯਾਦ ਰੱਖਣ ਯੋਗ ਗੱਲਾਂ

- ਕਿਸੇ ਵੀ ਸੰਖਿਆ ਨੂੰ 1 ਨਾਲ ਗੁਣਾ ਕਰਨ 'ਤੇ ਉਹੀ ਸੰਖਿਆ ਪ੍ਰਾਪਤ ਹੁੰਦੀ ਹੈ।
- ਕਿਸੇ ਵੀ ਸੰਖਿਆ ਨੂੰ 0 ਨਾਲ ਗੁਣਾ ਕਰਨ 'ਤੇ ਜਵਾਬ 0 ਪ੍ਰਾਪਤ ਹੁੰਦਾ ਹੈ।
- ਗੁਣਾ ਕਰਨ ਤੋਂ ਬਾਅਦ ਪ੍ਰਾਪਤ ਜਵਾਬ ਨੂੰ ਗੁਣਨਫਲ ਕਿਹਾ ਜਾਂਦਾ ਹੈ।

## ਅਸੀਂ ਜੋ ਸਿੱਖਿਆ

ਗੁਣਾ

- 2, 3, 4, 5 ਦੀ ਅੰਤਰਾਲ ਗਿਣਤੀ
  - 2, 3, 4, 5 ਅਤੇ 10 ਦਾ ਪਹਾੜਾ
- ਇੱਕ ਸੰਖਿਆ ਨੂੰ ਹੀ ਵਾਰ-ਵਾਰ ਜੋੜਨਾ ਅਤੇ ਗੁਣਾ ਦੇ ਰੂਪ ਵਿੱਚ ਬਦਲਣਾ
  - ਗੁਣਾ ਦੇ ਗੁਣ
  - ਇੱਕ ਅੰਕੀ, ਦੋ ਅੰਕੀ ਅਤੇ ਤਿੰਨ ਅੰਕੀ ਸੰਖਿਆਵਾਂ ਦੀ ਗੁਣਾ

# 4 ਭਾਗ

## ਉਦੇਸ਼

- ਸਮੂਹ ਬਣਾ ਕੇ ਵੰਡ ਵਿਧੀ ਸਮਝਾਉਣਾ ।
- ਭਾਗ ਵਾਰ-ਵਾਰ ਘਟਾਓ ਵਿਧੀ ਨਾਲ ।
- ਭਾਗ ਅਤੇ ਗੁਣਾ ਵਿੱਚ ਸਬੰਧ ।
- ਸਮੂਹ ਬਣਾ ਕੇ ਅਤੇ ਪਹਾੜਿਆਂ ਦੀ ਵਰਤੋਂ ਰਾਹੀਂ ਭਾਗ ਵਿਧੀ ਸਮਝਾਉਣਾ ।
- ਦਿਮਾਗੀ ਅੰਕ ਗਣਿਤ-ਇੱਕ ਅੰਕ ਵਾਲੀ ਸੰਖਿਆ ਅਤੇ ਦੋ ਅੰਕਾਂ ਵਾਲੀ ਸੰਖਿਆ ਨੂੰ ਜ਼ੁਬਾਨੀ ਜੋੜਨਾ ਅਤੇ ਘਟਾਉਣਾ।
- ਦੋ ਅੰਕਾਂ ਵਾਲੀ ਸੰਖਿਆ ਨੂੰ ਜ਼ੁਬਾਨੀ ਦੁੱਗਣਾ ਕਰਨਾ ।

### ਕੀ ਤੁਹਾਨੂੰ ਯਾਦ ਹੈ?



(i) ਪਲੇਟਾਂ ਵਿੱਚ ਕੁੱਲ.............ਲੱਡੂ ਹਨ ।

(ii) ਲੱਡੂ.............ਸਮੂਹਾਂ ਵਿੱਚ ਵੰਡੇ ਹੋਏ ਹਨ ।

(iii) ਹਰ ਸਮੂਹ ਵਿੱਚ.............ਲੱਡੂ ਹਨ ।



## ਆਓ ਸਿੱਖੀਏ

## ਘਟਾਓ ਵਿਧੀ ਨਾਲ ਭਾਗ

ਆਓ 12 ਅੰਬਾਂ ਨੂੰ 3 ਬੱਚਿਆਂ ਵਿੱਚ ਵੰਡੀਏ।



12 ਅੰਬਾਂ ਵਿੱਚੋਂ 1-1 ਅੰਬ ਤਿੰਨਾਂ ਬੱਚਿਆਂ ਨੂੰ ਦਿੱਤਾ ਤਾਂ ਬਾਕੀ 9 ਅੰਬ ਬਚੇ।



12-3 = 9

9 ਅੰਬਾਂ ਵਿੱਚੋਂ 1-1 ਅੰਬ ਤਿੰਨਾਂ ਬੱਚਿਆਂ ਨੂੰ ਹੋਰ ਦਿੱਤਾ ਤਾਂ ਬਾਕੀ 6 ਅੰਬ ਬਚੇ।



9-6 = 3

6 ਅੰਬਾਂ ਵਿੱਚੋਂ 1-1 ਅੰਬ ਤਿੰਨਾਂ ਬੱਚਿਆਂ ਨੂੰ ਹੋਰ ਦਿੱਤਾ ਤਾਂ ਬਾਕੀ 3 ਅੰਬ ਬਚੇ।



6-3 = 3

ਬਾਕੀ ਬਚਦੇ 3 ਅੰਬਾਂ ਨੂੰ ਤਿੰਨਾਂ ਬੱਚਿਆਂ ਵਿੱਚ ਵੰਡ ਦਿੱਤਾ ਤਾਂ ਬਾਕੀ ਕੋਈ ਅੰਬ ਨਹੀਂ ਬਚਿਆ।



3-3 = 0

ਦੇਖੋ ਹਰੇਕ ਬੱਚੇ ਨੂੰ 4-4 ਅੰਬ ਮਿਲੇ।

ਇਸ ਲਈ 12 ÷ 3 = 4 ਹੈ।



ਭਾਗ ਦਾ ਮਤਲਬ ਵਾਰ-ਵਾਰ ਘਟਾਉਣਾ ਹੈ।




20 ਗੁਬਾਰਿਆਂ ਵਿੱਚੋਂ 5 ਬੱਚਿਆਂ ਨੂੰ 1–1 ਗੁਬਾਰਾ ਦਿੱਤਾ ਤਾਂ ਬਾਕੀ 15 ਗੁਬਾਰੇ ਬਚੇ।



20-5 = 15

15 ਗੁਬਾਰਿਆਂ ਵਿੱਚੋਂ 5 ਬੱਚਿਆਂ ਨੂੰ 1–1 ਗੁਬਾਰਾ ਦਿੱਤਾ ਤਾਂ ਬਾਕੀ 10 ਗੁਬਾਰੇ ਬਚੇ।



15-5 = 10

10 ਗੁਬਾਰਿਆਂ ਵਿੱਚੋਂ 5 ਬੱਚਿਆਂ ਨੂੰ 1–1 ਗੁਬਾਰਾ ਦਿੱਤਾ ਤਾਂ ਬਾਕੀ 5 ਗੁਬਾਰੇ ਬਚੇ।



10-5 = 5

5 ਗੁਬਾਰਿਆਂ ਵਿੱਚੋਂ 5 ਬੱਚਿਆਂ ਨੂੰ 1–1 ਗੁਬਾਰਾ ਦਿੱਤਾ ਤਾਂ ਬਾਕੀ ਕੋਈ ਗੁਬਾਰਾ ਨਹੀਂ ਬਚਿਆ।



5-5 = 0

ਦੇਖੋ ਹਰੇਕ ਬੱਚੇ ਨੂੰ 4–4 ਗੁਬਾਰੇ ਮਿਲੇ ਹਨ। ਇਸ ਲਈ 20 ÷ 5 = 4

## ਆਓ ਕਰੀਏ

ਘਟਾਓ ਵਿਧੀ ਨਾਲ ਭਾਗ :

**$20 \div 4$**

| | | |
|---|---|---|
| | 2 | 0 |
| ਪਹਿਲੀ ਵਾਰ | – | 4 |
| | 1 | 6 |
| ਦੂਜੀ ਵਾਰ | – | 4 |
| | 1 | 2 |
| ਤੀਜੀ ਵਾਰ | – | 4 |
| | | 8 |
| ਚੌਥੀ ਵਾਰ | – | 4 |
| | | 4 |
| ਪੰਜਵੀ ਵਾਰ | – | 4 |
| | | 0 |

$20 \div 4 = \boxed{5}$

**$15 \div 5$**

**$18 \div 6$**

**$8 \div 2$**

## ਆਓ ਸਿੱਖੀਏ

### ਆਓ ਬਰਾਬਰ ਸਮੂਹ ਬਣਾਈਏ

| | ਸਮੂਹਾਂ ਦੀ ਗਿਣਤੀ |
|---|---|
|  | 8 ÷ 2 = 4 |
|  | 12 ÷ 4 = 3 |
|  | 12 ÷ 6 = 2 |

### ਆਓ ਕਰੀਏ

| | |
|---|---|
|  | 9 ÷ 3 = |
|  | 12 ÷ 4 = |
|  | 4 ÷ 2 = |
|  | 8 ÷ 4 = |
|  | 14 ÷ 2 = |
|  | 15 ÷ 5 = |

# ਬਰਾਬਰ-ਬਰਾਬਰ ਵੰਡੋ




ਅੱਜ ਮੇਰੇ ਜਨਮ ਦਿਨ
'ਤੇ ਮੇਰੇ 4 ਦੋਸਤ ਆ ਰਹੇ ਹਨ।



ਮੈਂ 12 ਚਾਕਲੇਟ, ਆਪਣੇ
ਦੋਸਤਾਂ ਵਿੱਚ ਵੰਡਾਂਗਾ।



ਸਾਰਿਆਂ ਨੂੰ ਬਰਾਬਰ-ਬਰਾਬਰ
ਚਾਕਲੇਟ ਦੇਣੀ ਹੈ।






ਹਰੇਕ ਨੂੰ 3 ਚਾਕਲੇਟਾਂ
ਮਿਲੀਆਂ।




**12 ÷ 4 = 3**

**12 ÷ 4 ਦਾ ਭਾਵ ਭਾਗ ਕਰਨਾ ਜਾਂ ਵੰਡ/ਹਿੱਸੇ ਕਰਨਾ।**



## ਆਓ ਸਿੱਖੀਏ

6 ਟਾਫ਼ੀਆਂ ਨੂੰ 3 ਬੱਚਿਆਂ ਵਿੱਚ ਬਰਾਬਰ ਵੰਡੋ :







6 ÷ 3 = 2 ਟਾਫ਼ੀਆਂ ਹਰੇਕ ਬੱਚੇ ਨੂੰ

4 ਫੁੱਲਾਂ ਨੂੰ 2 ਗਮਲਿਆਂ ਵਿੱਚ ਬਰਾਬਰ ਲਗਾਓ :





4 ÷ 2 = 2 ਫੁੱਲ ਹਰੇਕ ਗਮਲੇ ਵਿੱਚ

## ਆਓ ਕਰੀਏ



12 ਸੇਬ 3 ਪਲੇਟਾਂ ਵਿੱਚ ਬਰਾਬਰ ਵੰਡੋ :





☐ ÷ ☐ = ☐ ਹਰੇਕ ਪਲੇਟ ਵਿੱਚ

8 ਕੁਲਫ਼ੀਆਂ 2 ਬੱਚਿਆਂ ਵਿੱਚ ਬਰਾਬਰ ਵੰਡੋ :





☐ ÷ ☐ = ☐ ਹਰੇਕ ਬੱਚੇ ਨੂੰ

**ਬਰਾਬਰ-ਬਰਾਬਰ ਵੰਡਣ ਦੀ ਵਿਧੀ ਨੂੰ ਭਾਗ ਕਹਿੰਦੇ ਹਨ। ਭਾਗ ਦਾ '÷' ਚਿੰਨ੍ਹ ਹੁੰਦਾ ਹੈ।**




## ਭਾਗ ਅਤੇ ਗੁਣਾ ਵਿੱਚ ਸੰਬੰਧ



12 ਫੁੱਲਾਂ ਨੂੰ ਕਤਾਰਾਂ ਅਤੇ ਕਾਲਮਾਂ ਵਿੱਚ ਤਰਤੀਬ ਨਾਲ ਰੱਖਿਆ ਗਿਆ ਹੈ।




$12 \div 3 = 4$ ਹਰੇਕ ਕਤਾਰ ਵਿੱਚ 4 ਫੁੱਲ ਹਨ।

$12 \div 4 = 3$ ਹਰੇਕ ਕਾਲਮ ਵਿੱਚ 3 ਫੁੱਲ ਹਨ।

$3 \times 4 = 12$ → $12 \div 3 = 4$, $12 \div 4 = 3$



$5 \times 4 = 20$ →

$20 \div 5 = 4$

ਹਰੇਕ ਕਤਾਰ ਵਿੱਚ 4 ਸੇਬ

$20 \div 4 = 5$

ਹਰੇਕ ਕਾਲਮ ਵਿੱਚ 5 ਸੇਬ







$3 \times 4 = 12$

$12 \div 3 = 4$ $12 \div 4 = 3$

## ਆਓ ਕਰੀਏ

1.

$3 \times 5 = 15$ → ______ ______

$5 \times 2 = 10$ → ______ ______

$4 \times 2 = 8$ → ______ ______

$6 \times 3 = 18$ → ______ ______

$2 \times 7 = 14$ → ______ ______

$6 \times 4 = 24$ → ______ ______

ਅਵਨੀਤ ਕੋਲ 15 ਟਾਫ਼ੀਆਂ ਹਨ। ਉਹ ਉਹਨ੍ਹਾਂ ਨੂੰ 5 ਬੱਚਿਆਂ ਵਿੱਚ ਬਰਾਬਰ-ਬਰਾਬਰ ਵੰਡਦਾ ਹੈ।





(ੳ) (i) ਹਰ ਬੱਚੇ ਕੋਲ _____ ਟਾਫ਼ੀਆਂ ਹੋਣਗੀਆਂ।

(ii) 15 ÷ 5 = _____

(ਅ) ਜੇਕਰ ਉਹ ਤਿੰਨ ਬੱਚਿਆਂ ਨੂੰ ਬਰਾਬਰ-ਬਰਾਬਰ ਟਾਫ਼ੀਆਂ ਵੰਡਦਾ ਹੈ ਤਾਂ

(i) ਹਰ ਬੱਚੇ ਕੋਲ _____ ਟਾਫ਼ੀਆਂ ਹੋਣਗੀਆਂ।

(ii) 15 ÷ 3 = _______

ਰਸਲੀਨ ਕੋਲ 12 ਗੁਬਾਰੇ ਹਨ, 3 ਬੱਚਿਆਂ ਵਿੱਚ ਬਰਾਬਰ-ਬਰਾਬਰ ਵੰਡਦਾ ਹੈ।





(ੳ) (i) ਹਰ ਬੱਚੇ ਕੋਲ _____ ਗੁਬਾਰੇ ਹੋਣਗੇ

(ii) 12 ÷ 3 = _____

(ਅ) ਜੇਕਰ ਗੁਬਾਰੇ 4 ਬੱਚਿਆਂ ਨੂੰ ਬਰਾਬਰ-ਬਰਾਬਰ ਵੰਡਦਾ ਹੈ ਤਾਂ

(i) ਹਰ ਬੱਚੇ ਕੋਲ ਗੁਬਾਰੇ = _____

(ii) 12 ÷ 4 = _____

# ਪਹਾੜਿਆਂ ਦੀ ਵਰਤੋਂ ਨਾਲ ਭਾਗ

• 2 ਦੇ ਪਹਾੜੇ ਦੀ ਵਰਤੋਂ ਕਰੋ ਅਤੇ ਭਾਗ ਕਰੋ :

| | |
|---|---|
| $18 \div 2 = 9$ | $2 \times 9 = 18$ |
| $8 \div 2 =$ | $2 \times 4 = 8$ |
| $12 \div 2 =$ | $2 \times 6 = 12$ |
| $16 \div 2 =$ | $2 \times 8 =$ |
| $14 \div 2 =$ | $2 \times 7 =$ |
| $10 \div 2 =$ | $2 \times 5 =$ |
| $6 \div 2 =$ | $2 \times 3 =$ |

• 5 ਦੇ ਪਹਾੜੇ ਦੀ ਵਰਤੋਂ ਕਰੋ ਅਤੇ ਭਾਗ ਕਰੋ :

| | |
|---|---|
| $15 \div 5 =$ | $5 \times 3 =$ |
| $20 \div 5 =$ | $5 \times 4 =$ |
| $25 \div 5 =$ | |
| $30 \div 5 =$ | |
| $10 \div 5 =$ | |
| $40 \div 5 =$ | |
| $35 \div 5 =$ | |

• 10 ਦੇ ਪਹਾੜੇ ਦੀ ਵਰਤੋਂ ਕਰੋ ਅਤੇ ਭਾਗ ਕਰੋ :

| | |
|---|---|
| $40 \div 10 =$ | $10 \times 4 =$ |
| $50 \div 10 =$ | $10 \times 5 =$ |
| $30 \div 10 =$ | |
| $20 \div 10 =$ | |
| $80 \div 10 =$ | |
| $60 \div 10 =$ | |

# ਭਾਗ ਦੇ ਗੁਣ

1. ਜਦੋਂ ਅਸੀਂ ਕਿਸੇ ਸੰਖਿਆ ਨੂੰ 1 ਨਾਲ ਭਾਗ ਕਰਦੇ ਹਾਂ ਤਾਂ ਜਵਾਬ ਉਹੀ ਸੰਖਿਆ ਹੁੰਦੀ ਹੈ ।



8 ਲੱਡੂ



$8 \div 1 = 8$

2. ਜਦੋਂ ਸੰਖਿਆ ਨੂੰ ਉਸੇ ਹੀ ਸੰਖਿਆ ਨਾਲ ਭਾਗ ਕਰਦੇ ਹਾਂ ਤਾਂ ਜਵਾਬ ਹਮੇਸ਼ਾ 1 ਹੁੰਦਾ ਹੈ ।



5 ਗੁਬਾਰੇ



$5 \div 5 = 1$

3. ਜਦੋਂ 0 ਨੂੰ ਕਿਸੇ ਸੰਖਿਆ ਨਾਲ ਭਾਗ ਕਰਦੇ ਹਾਂ ਤਾਂ ਜਵਾਬ ਹਮੇਸ਼ਾਂ 0 ਹੁੰਦਾ ਹੈ ।



$0 \div 3 = 0$






**ਆਓ ਕਰੀਏ**

1. ਖਾਲੀ ਥਾਵਾਂ ਭਰੋ

| | | | |
|---|---|---|---|
| (i) | 4 ÷ 4 = ______ | (ii) | 3 ÷ ____ = 1 |
| (iii) | 0 ÷ 5 = _____ | (iv) | ____ ÷ 2 = 0 |
| (v) | 2 ÷ 2 = _____ | (vi) | 10 ÷ ____ = 1 |

# ਖੇਡ-ਖੇਡ ਵਿੱਚ ਭਾਗ






ਅੱਜ ਅਸੀਂ ਕਰੰਸੀ ਨੋਟਾਂ ਨਾਲ ਵੰਡਣਾ ਸਿੱਖਾਂਗੇ

ਮੇਰੇ ਕੋਲ 16 ਰੁਪਏ ਹਨ। ਦੋ ਬੱਚਿਆਂ ਵਿੱਚ ਬਰਾਬਰ-ਬਰਾਬਰ ਵੰਡਣੇ ਹਨ। ਦੱਸੋ ਹਰੇਕ ਨੂੰ ਕਿੰਨੇ ਰੁਪਏ ਆਉਣਗੇ?



ਅਸੀਂ 1, 2, 5 ਅਤੇ 10 ਦੇ ਕਰੰਸੀ ਨੋਟਾਂ ਦੀ ਵਰਤੋਂ ਕਰਾਂਗੇ

ਦੋ ਬੱਚੇ ਅੱਗੇ ਆਓ! ਹੁਣ ਇੱਕ ਹੋਰ ਬੱਚਾ ਅੱਗੇ ਆਏ ਤੇ ਦਿੱਤੇ ਕਰੰਸੀ ਨੋਟਾਂ ਵਿੱਚੋਂ 16 ਰੁਪਏ ਚੁੱਕੇ ਅਤੇ ਇਹਨਾਂ ਨੂੰ ਵੰਡੇ।



ਕੀ ਤੁਸੀਂ ਦੋਹਾਂ ਬੱਚਿਆਂ ਨੂੰ ਦਸ-ਦਸ ਰੁਪਏ ਦੇ ਸਕਦੇ ਹੋ ?

ਫਿਰ ਕੀ ਤੁਸੀਂ 5-5 ਰੁਪਏ ਦੋਹਾਂ ਬੱਚਿਆਂ ਨੂੰ ਦੇ ਸਕਦੇ ਹੋ ?



ਨਹੀਂ, ਮੈਡਮ ਜੀ ਇਹ ਤਾਂ 16 ਤੋਂ ਵੱਧ ਹੋ ਜਾਣਗੇ।

ਜੀ, ਮੈਡਮ ਜੀ $5 + 5 = 10$

ਦੋ ਬੱਚੇ ਅੱਗੇ ਆ ਕੇ 16 ਰੁਪਏ ਵਿੱਚੋਂ ਪੰਜ ਪੰਜ ਰੁਪਏ ਲੈ ਲੈਂਦੇ ਹਨ।



ਹੁਣ ਬਚੇ 6 ਰੁਪਏ। ਦੋਹਾਂ ਨੂੰ 5-5 ਰੁਪਏ ਨਹੀਂ ਦੇ ਸਕਦੇ। ਫਿਰ 2-2 ਰੁਪਏ ਦਿਓ $(2 + 2 = 4)$



ਹੁਣ ਬਚੇ 2 ਰੁਪਏ। ਹੁਣ ਦੋਹਾਂ ਨੂੰ ਸਿਰਫ਼ 1-1 ਰੁਪਇਆ ਦੇ ਸਕਦੇ ਹਾਂ ਇਸ ਤਰ੍ਹਾਂ ਦੋਹਾਂ ਬੱਚਿਆਂ ਨੂੰ 8-8 ਰੁਪਏ ਮਿਲੇ।



$16 \div 2 = 8$

| | | |
|---|---|---|
| 2 | 16 | |
| | − 10 | 5 |
| | 6 | |
| | − 4 | 2 |
| | 2 | |
| | − 2 | 1 |
| | × | |



$5 + 2 + 1 = 8$ ਰੁਪਏ

## ਆਓ ਸਿੱਖੀਏ



36 ÷ 3

```
3 | 36
  – 30 | 10
     6 | 2
   – 6
     0
```

10 + 2 = 12

48 ÷ 2

```
2 | 48
  – 20 | 10
    28 | 10
   –20
     8
    –4 | 2
     4
    –4 | 2
     0
```

10 + 10 + 2 + 2 = 24

48 ÷ 2 = 24

ਵੱਡੇ ਸਵਾਲਾਂ ਲਈ 1, 2, 5, 10 ਦੇ ਨਾਲ 20 ਰੁਪਏ ਦੇ ਨੋਟਾਂ ਨੂੰ ਸ਼ਾਮਿਲ ਕਰਕੇ ਹੱਲ ਕਰੋ।

48 ÷ 2

```
2 | 48
  – 40 | 20
     8
    –4 | 2
     4
    –4 | 2
     0
```

20 + 2 + 2 = 24

48 ÷ 2 = 24

75 ÷ 3

```
3 | 75
  – 60 | 20
    15
    15 | 5
     0
```

20 + 5 = 25

75 ÷ 3 = 25

75 ÷ 3 = 25

↓ ↓ ↓

ਭਾਜ ਭਾਜਕ ਭਾਗਫਲ



## ਆਓ ਕਰੀਏ

ਦੋ ਅੰਕੀ ਸੰਖਿਆ ਨੂੰ ਇੱਕ ਅੰਕੀ ਸੰਖਿਆ ਨਾਲ ਭਾਗ ਕਰੋ :

| | | |
|---|---|---|
| $12 \div 2$ | $18 \div 2$ | $24 \div 3$ |
| $30 \div 3$ | $16 \div 4$ | $28 \div 4$ |
| $80 \div 10$ | $57 \div 3$ | $65 \div 5$ |

ਤਾਨੀਆ ਕੋਲ 32 ਟਾਫ਼ੀਆ ਹਨ। ਉਹ ਦੋ ਸਹੇਲੀਆਂ ਵਿੱਚ ਬਰਾਬਰ ਵੰਡਣਾ ਚਾਹੁੰਦੀ ਹੈ। ਦੱਸੋ ਉਹ ਹਰੇਕ ਸਹੇਲੀ ਨੂੰ ਕਿੰਨੀਆਂ ਟਾਫੀਆਂ ਦੇਵੇਗੀ ?

ਅਵਨੀਤ ਕੋਲ 10 ਰਬੜਾਂ ਹਨ ।ਉਹ ਆਪਣੇ 5 ਦੋਸਤਾਂ ਨੂੰ ਬਰਾਬਰ ਰਬੜਾਂ ਦੇਣਾ ਚਾਹੁੰਦਾ ਹੈ ।ਉਹ ਹਰੇਕ ਦੋਸਤ ਨੂੰ ਕਿੰਨੀਆਂ ਰਬੜਾਂ ਦੇਵੇਗਾ?

ਜਮਾਤ ਵਿੱਚ 20 ਬੱਚੇ ਹਨ । ਚਾਰ ਕਤਾਰਾਂ ਵਿੱਚ ਬਰਾਬਰ-ਬਰਾਬਰ ਬੱਚੇ ਬੈਠੇ ਹਨ ।ਦੱਸੋ ਇਕ ਕਤਾਰ ਵਿੱਚ ਕਿੰਨੇ ਬੱਚੇ ਬੈਠੇ ਹਨ ?



## ਆਓ ਸਿੱਖੀਏ

### ਜ਼ੁਬਾਨੀ ਦੁਗਣਾ ਕਰੋ/ਅੱਧਾ ਕਰੋ













## ਆਓ ਕਰੀਏ














## ਦਿਮਾਗੀ ਕਸਰਤ

| | |
|---|---|
| I) ਕੋਈ ਸੰਖਿਆ ਸੋਚੋ | 27 |
| ii) 3 ਜਮ੍ਹਾਂ ਕਰੋ | $27 + 3 = 30$ |
| iii) 2 ਨਾਲ ਗੁਣਾ ਕਰੋ | $30 \times 2 = 60$ |
| iv) 4 ਘਟਾਓ | $60 - 4 = 56$ |
| v) 2 ਨਾਲ ਭਾਗ ਕਰੋ | $56 \div 2 = 28$ |
| vi) 1 ਘਟਾਓ | $28 - 1 = 27$ |
| ਉੱਤਰ : ਸੋਚਿਆ ਹੋਇਆ ਨੰਬਰ | |

| | |
|---|---|
| i) ਕੋਈ 2 ਅੰਕੀ ਸੰਖਿਆ ਸੋਚੋ | 23 |
| ii) 7 ਜੋੜੋ | $23 + 7 = 30$ |
| iii) 3 ਘਟਾਓ | $30 - 3 = 27$ |
| iv) 7 ਜੋੜੋ | $27 + 7 = 34$ |
| v) 1 ਘਟਾਓ | $34 - 1 = 33$ |
| ਉੱਤਰ : ਪ੍ਰਾਪਤ ਸੰਖਿਆ ਤੋਂ 10 ਘੱਟ = 23 | |

| | |
|---|---|
| I) ਕੋਈ ਦੋ ਅੰਕ ਸੋਚੋ | 6, 7 |
| ii) ਦੋਨੋਂ ਅੰਕਾਂ ਨੂੰ ਜੋੜੋ | $6 + 7 = 13$ |
| iii) ਫਿਰ ਵੱਡੇ ਵਿਚੋਂ ਛੋਟੇ ਅੰਕ ਨੂੰ ਘਟਾਓ | $7 - 6 = 1$ |
| iv) ਜੋੜ ਅਤੇ ਘਟਾਓ ਦਾ ਅੰਤਰ ਲੱਭੋ | $13 - 1 = 12$ |
| v) ਜਵਾਬ ਨੂੰ 2 ਨਾਲ ਭਾਗ ਕਰੋ | $12 \div 2 = 6$ |
| ਉੱਤਰ : ਸੋਚਿਆ ਹੋਇਆ ਛੋਟਾ ਅੰਕ | |

| | |
|---|---|
| i) ਕੋਈ 2 ਅੰਕੀ ਸੰਖਿਆ ਸੋਚੋ । | 14 |
| ii) ਸੰਖਿਆ ਦਾ ਦੁਗਣਾ ਕਰੋ । | $14 \times 2 = 28$ |
| iii) 14 ਜੋੜੋ | $28 + 14 = 42$ |
| iv) 2 ਨਾਲ ਭਾਗ ਕਰੋ | $42 \div 2 = 21$ |
| v) ਸੋਚੀ ਸੰਖਿਆ ਘਟਾਓ | $21 - 14 = 7$ |
| ਉੱਤਰ : ਹਮੇਸ਼ਾ 7 | |

## ਵਰਕਸ਼ੀਟ

1. ਵਾਰ-ਵਾਰ ਘਟਾਉਣ ਦੀ ਵਿਧੀ ਨਾਲ ਭਾਗ ਕਰੋ ।

(i) $15 \div 5$ (ii) $40 \div 10$ (iii) $20 \div 4$

2. ਖਾਲੀ ਥਾਵਾਂ ਭਰੋ :



(i) ਸਾਰੀਆਂ ਮਿਲਾ ਕੇ ਕਿੰਨੀਆਂ ਗੇਂਦਾਂ ਹਨ ? ......................

(ii) ਕੁੱਲ ਕਿੰਨੇ ਸਮੂਹ ਹਨ ? ......................

(iii) ਹਰੇਕ ਸਮੂਹ ਵਿੱਚ ਕਿੰਨੀਆਂ ਗੇਂਦਾਂ ਹਨ ? ......................

3. ਦਿੱਤੀ ਗਈ ਗੁਣਾ ਨੂੰ ਭਾਗ ਦੇ ਰੂਪ ਵਿੱਚ ਲਿਖੋ :

(i)

$3 \times 6$

$18 \div 3$ $18 \div 6$

(ii)

$4 \times 5$

## 4. ਹੱਲ ਕਰੋ :

| | | | |
|---|---|---|---|
| (i) $2 \times 4 =$ ___ | $4 \times 2 =$ ___ | $8 \div 2 =$ ___ | $8 \div 4 =$ ___ |
| (ii) $4 \times 5 =$ ___ | $5 \times 4 =$ ___ | $20 \div 4 =$ ___ | $20 \div 5 =$ ___ |
| (iii) $3 \times 2 =$ ___ | $2 \times 3 =$ ___ | $6 \div 3 =$ ___ | $6 \div 2 =$ ___ |

## 5. ਖਾਲੀ ਥਾਵਾਂ ਭਰੋ :

(i) $15 \div 15 =$ ___ (ii) $18 \div 3 =$ ___

(iii) $0 \div 20 =$ ___ (iv) $32 \div$ ___ $= 1$

(v) ___ $\div 42 = 0$

## 6. ਭਾਗ ਕਰੋ :

(i) $48 \div 3 =$ (ii) $56 \div 4 =$ (iii) $70 \div 5 =$



# 5 ਧਨ

## ਉਦੇਸ਼

- ਰੋਜ਼ਾਨਾ ਜਿੰਦਗੀ ਵਿੱਚ ਵਰਤੇ ਜਾਣ ਵਾਲੇ ਧਨ ਬਾਰੇ ਜਾਣਕਾਰੀ ।
- ਰੁਪਏ ਅਤੇ ਪੈਸਿਆਂ ਦੇ ਆਪਸੀ ਸਬੰਧ ਦੀ ਜਾਣਕਾਰੀ ।
- ਰੁਪਏ ਨੂੰ ਪੈਸਿਆਂ ਵਿੱਚ ਬਦਲਣਾ
- ਧਨ ਦੀ ਜੋੜ-ਘਟਾਓ ।
- ਬਿਲ ਅਤੇ ਰੇਟ ਲਿਸਟ ਬਾਰੇ ਜਾਣਕਾਰੀ ।

## ਕੀ ਤੁਹਾਨੂੰ ਯਾਦ ਹੈ?

**1. ਸਿੱਕਿਆਂ ਦੇ ਮੁੱਲ ਦਾ ਜੋੜ ਕਰੋ :**

(a)  ☐

(b)  ☐

**2. ਦੱਸੇ ਮੁੱਲ ਅਨੁਸਾਰ ਸਿੱਕੇ ਬਣਾਓ :**






## ਜਾਣ-ਪਹਿਚਾਣ

- ਸਾਨੂੰ ਬਜ਼ਾਰ ਤੋਂ ਵਸਤੂਆਂ ਖਰੀਦਣ ਲਈ ਧਨ ਦੀ ਲੋੜ ਪੈਂਦੀ ਹੈ।
- ਭਾਰਤੀ ਮੁਦਰਾ ਵਿੱਚ ਧਨ ਨੂੰ ਰੁਪਇਆਂ ਅਤੇ ਪੈਸਿਆਂ ਵਿੱਚ ਗਿਣਿਆ ਜਾਂਦਾ ਹੈ।

ਇਹ ਰੁਪਇਆਂ ਦੇ ਸਿੱਕੇ ਅਤੇ ਨੋਟ ਹਨ :





ਕੀ ਤੁਹਾਨੂੰ ਪਤਾ ਹੈ ਕਿ ਰੁਪਏ ਲਈ ਚਿੰਨ੍ਹ '₹' ਲਿਖਿਆ ਜਾਂਦਾ ਹੈ।





ਇਹ ਪੈਸਿਆਂ ਦੇ ਸਿੱਕੇ ਹਨ






ਆਓ ਪੈਸਿਆਂ ਅਤੇ ਰੁਪਇਆਂ ਵਿੱਚ ਸਬੰਧ ਦੇਖੀਏ






10 ਪੈਸੇ ਦੇ 10 ਸਿੱਕੇ, 25 ਪੈਸੇ ਦੇ 4 ਸਿੱਕੇ ਅਤੇ 50 ਪੈਸੇ ਦੇ 2 ਸਿੱਕੇ 1 ਰੁਪਏ ਦੇ ਬਰਾਬਰ ਹਨ।



1 ਰੁਪਇਆ

= 100 ਪੈਸੇ






ਸਾਰੇ ਬੱਚੇ ਨੋਟ ਅਤੇ ਸਿੱਕੇ ਬਣਾਓ

## ਗਤੀਵਿਧੀ



**ਆਓ ਅਸੀਂ ਧਨ (ਕਰੰਸੀ) ਬਣਾਈਏ, ਧਨ ਸਬੰਧੀ ਗਿਆਨ ਵਧਾਈਏ।**

**ਉਦੇਸ਼ :** ਬੱਚਿਆਂ ਨੂੰ ਆਪਣੇ ਦੇਸ਼ ਦੀ ਕਰੰਸੀ ਤੋਂ ਜਾਣੂੰ ਕਰਵਾਉਣਾ ਅਤੇ ਰੋਜ਼ਾਨਾ ਜਿੰਦਗੀ ਵਿੱਚ ਖਰੀਦਣ-ਵੇਚਣ, ਲੈਣ-ਦੇਣ ਸਬੰਧੀ ਪਰਪੱਕ ਕਰਨਾ ।

**ਵਿਧੀ :**

1. ਬੱਚਿਆਂ ਨੂੰ ਵੱਖ-2 ਆਕਾਰਾਂ ਦੇ ਪਤਲੇ ਕਾਗਜ਼ ਦੇਣਾ ਅਤੇ ₹1,₹2,₹5 ਦੇ ਸਿੱਕੇ ਦੇਣਾ ।
2. ਦਿੱਤੇ ਹੋਏ ਸਿੱਕਿਆਂ ਨੂੰ ਕਾਗਜ਼ ਹੇਠਾਂ ਰੱਖੋ ਅਤੇ ਸਿੱਕੇ ਉੱਤੇ ਹੌਲੀ-2 ਪੈਨਸਿਲ ਚਲਾਉਣ ਲਈ ਉਦੋਂ ਤੱਕ ਕਹਿਣਾ ਜਦੋਂ ਤੱਕ ਉਸ ਉੱਪਰ ਲਏ ਗਏ ਸਿੱਕੇ ਦੀ ਆਕ੍ਰਿਤੀ ਨਜ਼ਰ ਨਾ ਆਉਣ ਲੱਗੇ ।



3. ਉਪਰੰਤ ਕਾਗਜ਼ ਨੂੰ ਸਿੱਕੇ ਦੇ ਅਕਾਰ ਵਿੱਚ ਕੱਟ ।
4. ਬੱਚੇ ਆਪਣੇ ਸਿੱਕੇ ਤਿਆਰ ਕਰਕੇ ਆਪਣੇ ਦੋਸਤਾਂ ਨਾਲ ਖੇਡਣਗੇ ।



5. ਇਸ ਤਰ੍ਹਾਂ ਬੱਚਿਆਂ ਤੋਂ ਆਇਤਾਕਾਰ ਕਾਗਜ਼ ਉੱਤੇ ਦੱਸੇ ਅਨੁਸਾਰ ਕਰੰਸੀ ਨੋਟ ਤਿਆਰ ਕਰਵਾਏ ਜਾਣਗੇ ।





## ਗਤੀਵਿਧੀ



ਸਾਰੇ ਆਪਣੇ 10 ਪੈਸੇ ਦੇ ਸਿੱਕੇ, 20 ਪੈਸੇ ਦੇ ਸਿੱਕੇ, 25 ਪੈਸੇ ਦੇ ਸਿੱਕੇ, 50 ਪੈਸੇ ਦੇ ਸਿੱਕੇ ਦੱਸੇ ਅਨੁਸਾਰ 1 ਰੁਪਏ ਦੇ ਬਰਾਬਰ ਰੱਖੋ।



- 10 ਪੈਸੇ ਦੇ 10 ਸਿੱਕੇ
- 20 ਪੈਸੇ ਦੇ 5 ਸਿੱਕੇ
- 25 ਪੈਸੇ ਦੇ 4 ਸਿੱਕੇ
- 50 ਪੈਸੇ ਦੇ 2 ਸਿੱਕੇ






50 ਪੈਸੇ, ਦੇ ਕਿੰਨੇ ਸਿੱਕਿਆਂ ਦਾ ਮੁੱਲ ਇੱਕ ਰੁਪਏ ਦੇ ਬਰਾਬਰ ਹੈ?

2 ਸਿੱਕਿਆਂ ਨਾਲ



50 ਪੈਸੇ, 1 ਰੁਪਏ ਦਾ ਅੱਧਾ ਹਿੱਸਾ ਹੈ।

**100 ਪੈਸੇ = 1 ਰੁਪਇਆ**



## ਆਓ ਕਰੀਏ

1. ਦਿੱਤੇ ਹੋਏ ਦੋ ਸਿੱਕਿਆਂ ਵਿਚਕਾਰ > ਜਾਂ < ਦਾ ਚਿੰਨ੍ਹ ਲਗਾਓ

**(a)**




**(b)**




**(c)**




**(d)**




## ਰੁਪਇਆਂ ਨੂੰ ਪੈਸਿਆਂ ਵਿੱਚ ਬਦਲਣਾ



ਬੱਚਿਓ ਤੁਹਾਨੂੰ ਪਤਾ ਹੈ ਕਿ ਇੱਕ ਰੁਪਏ ਵਿੱਚ 100 ਪੈਸੇ ਹੁੰਦੇ ਹਨ । ਕੀ ਤੁਸੀਂ ਦੱਸ ਸਕਦੇ ਹੋ ਕਿ 2 ਰੁਪਏ ਵਿੱਚ ਕਿੰਨੇ ਪੈਸੇ ਹੁੰਦੇ ਹਨ?

200 ਪੈਸੇ





3 ਰੁਪਏ ਵਿੱਚ ਕਿੰਨੇ ਪੈਸੇ ਹੁੰਦੇ ਹਨ?

300 ਪੈਸੇ



ਅਸੀਂ ਇਸ ਤਰ੍ਹਾਂ ਲਿਖਾਂਗੇ।

1 ਰੁਪਇਆ = 100 ਪੈਸੇ
2 ਰੁਪਏ = 200 ਪੈਸੇ
3 ਰੁਪਏ = 300 ਪੈਸੇ
10 ਰੁਪਏ = 1000 ਪੈਸੇ



10 ਪੈਸੇ, 25 ਪੈਸੇ ਦੀ ਹੁਣ ਵਰਤੋਂ ਨਹੀਂ ਹੁੰਦੀ।

ਰੁਪਏ-ਪੈਸੇ ਨੂੰ ਦੋ ਤਰੀਕਿਆਂ ਨਾਲ ਲਿਖਿਆ ਜਾਂਦਾ ਹੈ।

| ਰੁਪਏ | ਪੈਸੇ | ਲੰਬੀ ਵਿਧੀ | ਛੋਟੀ ਵਿਧੀ |
|---|---|---|---|
|  |  | 10 ਰੁਪਏ 50 ਪੈਸੇ | ₹10.50 |
|  |  | 25 ਰੁਪਏ 75 ਪੈਸੇ | ₹25.75 |
|  |  | 100 ਰੁਪਏ 50 ਪੈਸੇ | ₹100.50 |



ਕੀ ਤੁਸੀਂ ਸਿੱਕੇ ਬਣਾ ਸਕਦੇ ਹੋ?



## ਆਓ ਸਿੱਖੀਏ

| | |
|---|---|
| ₹ 4  | ₹ 5  |



## ਆਓ ਕਰੀਏ

| |
|---|
| ₹ 12 |
| ₹ 17 |
| ₹ 18 |

## ਗਤੀਵਿਧੀ

ਕੁਲਜੀਤ, ਨਵਨੀਤ ਅਤੇ ਬਲਜੀਤ ਆਪਣੇ ਦੋਸਤ ਦੇ ਜਨਮ ਦਿਨ ਦਾ ਤੋਹਫਾ ਲੈਣ ਲਈ ਬਜ਼ਾਰ ਗਏ। ਉੱਥੇ ਉਨ੍ਹਾਂ ਨੇ ਖਿਡੌਣਿਆਂ ਦੀ ਦੁਕਾਨ ਤੋਂ ਕੁੱਝ ਖਿਡੌਣੇ ਖਰੀਦੇ। ਉਹਨਾਂ ਨੇ ਕਿੰਨੇ -ਕਿੰਨੇ ਰੁਪਏ ਦੁਕਾਨਦਾਰ ਨੂੰ ਦਿੱਤੇ ?

| ਕੁਲਜੀਤ | ਨਵਨੀਤ | ਬਲਜੀਤ |
|---|---|---|
| ਕੁਲਜੀਤ ਨੇ ਇੱਕ ਖਿਡੌਣਾ ਕਾਰ ਖਰੀਦੀ ।  | ਨਵਨੀਤ ਨੇ ਇੱਕ ਜਿਮੈਟਰੀ ਬਾਕਸ ਖਰੀਦਿਆ ।  | ਬਲਜੀਤ ਨੇ ਇੱਕ ਕੈਰਮ ਬੋਰਡ ਖਰੀਦਿਆ।  |
|  |  |  |

ਕੁਲਜੀਤ ਨੇ ਦੁਕਾਨਦਾਰ ਨੂੰ ਕਿੰਨੇ ਰੁਪਏ ਦਿੱਤੇ ? ₹

ਨਵਨੀਤ ਨੇ ਦੁਕਾਨਦਾਰ ਨੂੰ ਕਿੰਨੇ ਰੁਪਏ ਦਿੱਤੇ ? ₹

ਬਲਜੀਤ ਨੇ ਦੁਕਾਨਦਾਰ ਨੂੰ ਕਿੰਨੇ ਰੁਪਏ ਦਿੱਤੇ ? ₹

ਧਨ ਨੂੰ ਜੋੜਦੇ ਸਮੇਂ ਹਮੇਸ਼ਾਂ
ਵੱਧ ਮੁੱਲ ਤੋਂ ਸ਼ੁਰੂ ਕਰਕੇ
ਛੋਟੀ ਮੁੱਲ (ਰਾਸ਼ੀ)
ਵੱਲ ਜਾਓ।





## ਆਓ ਸਿੱਖੀਏ

### ਦਿੱਤੀ ਵਸਤੂ ਦੇ ਮੁੱਲ ਮੁਤਾਬਕ ਨੋਟ ਜਾਂ ਸਿੱਕੇ ਬਣਾਉਣਾ :

| | |
|---|---|
|   |  ਜਾਂ   |



## ਆਓ ਕਰੀਏ

### ਦਿੱਤੀ ਵਸਤੂ ਦੇ ਮੁੱਲ ਮੁਤਾਬਕ ਨੋਟ ਜਾਂ ਸਿੱਕੇ ਬਣਾਓ :

| | |
|---|---|
|   | |
|   | |
|   | |
|   | |

## ਕਿੰਨੇ ਰੁਪਏ ਬਚੇ ?

**ਹਰਜੋਤ ਕੋਲ ਰੁਪਏ**



ਹਰਜੋਤ ਨੇ ਖਰਚੇ = ₹ 10

ਬਚੇ = ...............

**ਪ੍ਰਭਜੋਤ ਕੋਲ ਰੁਪਏ**



ਪ੍ਰਭਜੋਤ ਨੇ ਖਰਚੇ = ₹ 75

ਬਚੇ = ...............

**ਸੰਦੀਪ ਕੋਲ ਰੁਪਏ**



ਸੰਦੀਪ ਨੇ ਖਰਚੇ = ₹ 67

ਬਚੇ = ...............

**ਸੁਰਜੀਤ ਕੋਲ ਰੁਪਏ**



ਸੁਰਜੀਤ ਨੇ ਖਰਚੇ = ₹ 52

ਬਚੇ = ...............

**ਮਨਜੀਤ ਕੋਲ ਰੁਪਏ**



ਮਨਜੀਤ ਨੇ ਖਰਚੇ = ₹ 110

ਬਚੇ = ...............

**ਸਿਮਰਨਜੀਤ ਕੋਲ ਰੁਪਏ**



ਸਿਮਰਨਜੀਤ ਨੇ ਖਰਚੇ = ₹ 500

ਬਚੇ = ...............

## ਗਤੀਵਿਧੀ

**ਚਿੜੀਆ ਘਰ ਵਿੱਚ ਵੱਖ-ਵੱਖ ਸਵਾਰੀ ਕਰਨ ਦੀ ਵੱਖ-ਵੱਖ ਟਿਕਟ ਹੈ।**



ਊਠ ਦੀ ਸਵਾਰੀ (₹30)



ਹਾਥੀ ਦੀ ਸਵਾਰੀ (₹20)



ਝੂਲੇ 'ਤੇ ਝੂਟਾ (₹25)



ਕਿਸ਼ਤੀ ਦੀ ਸਵਾਰੀ (₹40)



ਘੋੜੇ ਦੀ ਸਵਾਰੀ (₹35)

**ਚੇਤਨ ਦੀ ਰੁਪਏ ਦੇਣ ਵਿੱਚ ਮਦਦ ਕਰੋ ਤਾਂ ਜੋ ਉਹ ਹੇਠਾਂ ਦਿੱਤੀਆਂ ਸਵਾਰੀਆਂ ਕਰੇ**

(a)  

₹ ____ + ₹ ____ = ₹ ____

(b)  

₹ ____ + ₹ ____ = ₹ ____

(c)  

₹ ____ + ₹ ____ = ₹ ____

(d)  

₹ ____ + ₹ ____ = ₹ ____

# ਧਨ ਦਾ ਜੋੜ-ਘਟਾਓ

## ਆਓ ਸਿੱਖੀਏ

### ਧਨ ਦਾ ਜੋੜ

ਸੋਨੂੰ ਨੇ ਇੱਕ ਪੈੱਨ ₹20 ਦਾ ਅਤੇ ਕਾਪੀ ₹15 ਦੀ ਖਰੀਦੀ। ਉਸਨੇ ਕਿੰਨੇ ਰੁਪਏ ਖਰਚੇ ?







ਇੱਕ ਪੈੱਨ ਦਾ ਮੁੱਲ = ₹ 20

ਇੱਕ ਕਾਪੀ ਦਾ ਮੁੱਲ = ₹ 15

ਕੁੱਲ ਖਰਚ = ₹ 20 + ₹ 15 = ₹ 35

ਇਸ ਲਈ, ਸੋਨੂੰ ਨੇ ਕੁੱਲ ₹35 ਖਰਚੇ।

ਅੰਜੂ ਕੋਲ ₹85 ਸੀ। ਉਸਨੂੰ ₹13 ਉਸਦੇ ਭਰਾ ਨੇ ਹੋਰ ਦੇ ਦਿੱਤੇ। ਹੁਣ ਉਸ ਕੋਲ ਕਿੰਨੇ ਰੁਪਏ ਹਨ ?




ਅੰਜੂ ਕੋਲ ਰੁਪਏ = ₹ 85

ਭਰਾ ਨੇ ਅੰਜੂ ਨੂੰ ਦਿੱਤੇ = ₹ 13

ਅੰਜੂ ਕੋਲ ਕੁੱਲ ਰੁਪਏ = ₹ 85 + ₹ 13 = ₹ 98

ਇਸ ਲਈ, ਅੰਜੂ ਕੋਲ ਕੁੱਲ ₹ 98 ਹਨ।

## ਆਓ ਕਰੀਏ



1. ਕਮਲ ਨੇ ₹40 ਦੇ ਗੁਬਾਰੇ ਖਰੀਦੇ ਸਨ। ਲਵਪ੍ਰੀਤ ਨੇ ₹33 ਦੇ ਗੁਬਾਰੇ ਖਰੀਦੇ। ਦੋਵਾਂ ਨੇ ਕੁੱਲ ਕਿੰਨੇ ਰੁਪਏ ਦੇ ਗੁਬਾਰੇ ਖਰੀਦੇ ?

2. ਹਨੀ ਦੀ ਗੋਲਕ ਵਿੱਚ ₹36 ਸਨ। ਉਸਨੇ ਗੋਲਕ ਵਿੱਚ ₹23 ਹੋਰ ਪਾ ਦਿੱਤੇ। ਹਨੀ ਦੀ ਗੋਲਕ ਵਿੱਚ ਕਿੰਨੇ ਰੁਪਏ ਹੋ ਗਏ ?

# ਧਨ ਦੀ ਘਟਾਓ



## ਆਓ ਸਿੱਖੀਏ

ਸੁਰਜੀਤ ਕੋਲ ₹50 ਸਨ। ਉਸਨੇ ₹20 ਦੀ ਕਾਪੀ ਖਰੀਦ ਲਈ। ਉਸ ਕੋਲ ਕਿੰਨ੍ਹੇ ਰੁਪਏ ਰਹਿ ਗਏ?

ਸੁਰਜੀਤ ਕੋਲ ਰੁਪਏ = ₹ 50

ਕਾਪੀ ਦਾ ਮੁੱਲ = ₹ 20

ਸੁਰਜੀਤ ਕੋਲ ਬਚੇ = ₹ 50 − ₹ 20 = ₹ 30

ਇਸ ਲਈ, ਸੁਰਜੀਤ ਕੋਲ ₹30 ਬਚੇ।

ਅਵਨੀਤ ਕੋਲ ₹98 ਸਨ। ਉਸਨੇ ₹46 ਆਪਣੇ ਭਰਾ ਨੂੰ ਦੇ ਦਿੱਤੇ। ਅਵਨੀਤ ਕੋਲ ਕਿੰਨੇ ਰੁਪਏ ਰਹਿ ਗਏ?

ਅਵਨੀਤ ਕੋਲ ਰੁਪਏ = ₹ 98

ਅਵਨੀਤ ਨੇ ਭਰਾ ਨੂੰ ਦਿੱਤੇ = ₹ 46

ਅਵਨੀਤ ਕੋਲ ਬਚੇ = ₹ 98 − ₹ 46 = ₹ 52

ਇਸ ਲਈ, ਅਵਨੀਤ ਕੋਲ 52 ਰੁਪਏ ਬਚੇ।



## ਆਓ ਕਰੀਏ

1. ਮੀਨਾ ਕੋਲ ₹85 ਸਨ। ਉਸ ਨੇ ₹35 ਦੀ ਜੁਮੈਟਰੀ ਖਰੀਦੀ। ਉਸ ਕੋਲ ਕਿੰਨੇ ਰੁਪਏ ਰਹਿ ਗਏ?

2. ਜਗਵੀਰ ਕੋਲ ₹77 ਸਨ। ਉਸਨੇ ₹15 ਦੀ ਚਾਕਲੇਟ ਖਰੀਦੀ। ਉਸ ਕੋਲ ਕਿੰਨੇ ਰੁਪਏ ਰਹਿ ਗਏ?

3. ਨਾਜ਼ੀਆ ਕੋਲ ₹63 ਸਨ। ਉਸਨੇ ₹12 ਦਾ ਪੈੱਨ ਖਰੀਦਿਆ। ਉਸ ਕੋਲ ਕਿੰਨੇ ਰੁਪਏ ਰਹਿ ਗਏ?

# ਮੁੱਲ ਸਾਰਣੀ ਤੇ ਲੇਖਾ-ਪਰਚੀ

## ਆਓ ਸਿੱਖੀਏ

ਸੀਰਤ ਆਪਣੇ ਪਰਿਵਾਰ ਨਾਲ
ਰੈਸਟੋਰੈਂਟ ਵਿੱਚ ਗਈ।



ਮੀਨੂੰ ਕਾਰਡ ਪੜ੍ਹ ਕੇ
ਬਹੁਤ ਮਜ਼ਾ ਆਇਆ। ਮੈਂ ਬਹੁਤ
ਕੁੱਝ ਆਡਰ ਕੀਤਾ।




ਅਸੀਂ 1 ਜੂਸ, 2 ਚਾਹ, 2 ਸਮੋਸੇ
1 ਕੁਲਚੇ ਦਾ ਆਡਰ ਕੀਤਾ।



**ਮੀਨੂੰ ਕਾਰਡ**

| | |
|---|---|
| ਚਾਹ | ₹ 10.00 |
| ਜੂਸ | ₹ 30.00 |
| ਲੱਸੀ | ₹ 25.00 |
| ਦੁੱਧ | ₹ 30.00 |
| ਸਮੋਸਾ | ₹ 15.00 |
| ਬਰੈੱਡ ਪਕੌੜਾ | ₹ 15.00 |
| ਕੁਲਚਾ | ₹ 25.00 |
| ਟਿੱਕੀ | ₹ 22.00 |
| ਦਹੀਂ ਭੱਲਾ | ₹ 35.00 |

ਸਾਨੂੰ ਕਿੰਨੇ ਰੁਪਏ
ਦੇਣੇ ਪੈਣਗੇ?



ਆਓ ਦੇਖੀਏ ਉਸਨੇ ਬਿੱਲ ਦਾ ਭੁਗਤਾਨ ਕਿਵੇਂ ਕੀਤਾ?

## ਆਓ ਕਰੀਏ

ਮਿਤੀ : ਬਿਲ ਮੇਜ਼ ਨੰ. 7

| ਲੜੀ ਨੰ. | ਸਮੱਗਰੀ (ਸਮਾਨ, ਵਸਤਾਂ) | ਮਾਤਰਾ | ਮੁੱਲ | ਕੁੱਲ ਕੀਮਤ | ₹ | ਪੈਸੇ |
|---|---|---|---|---|---|---|
| 1. | ਜੂਸ | 1 | 30 | ₹ 30.00 × 1 | 30 | 00 |
| 2. | ਚਾਹ | 2 | 10 | ₹ 10.00 × 2 | 20 | 00 |
| 3. | ਸਮੋਸਾ | 2 | 15 | ₹ 15.00 × 2 | 30 | 00 |
| 4. | ਕੁਲਚਾ | 1 | 25 | ₹ 25.00 × 1 | 25 | 00 |
| | | | | ਕੁੱਲ ਜੋੜ ₹ | 105 | 00 |

ਮਿਤੀ : ਬਿਲ ਮੇਜ਼ ਨੰ. 10

| ਲੜੀ ਨੰ. | ਸਮੱਗਰੀ (ਸਮਾਨ, ਵਸਤਾਂ) | ਮਾਤਰਾ | ਮੁੱਲ | ਕੁੱਲ ਕੀਮਤ | ₹ | ਪੈਸੇ |
|---|---|---|---|---|---|---|
| 1. | ਸਮੋਸਾ | 1 | | ₹ 15.00 × 1 | | |
| 2. | ਟਿੱਕੀ | 1 | | ₹ 22.00 × 1 | | |
| 3. | ਜੂਸ | 2 | | ₹ 30.00 × 2 | | |
| 4. | ਬਰੈੱਡ ਪਕੌੜਾ | 1 | | ₹ 15.00 × 2 | | |
| | | | | ਕੁੱਲ ਜੋੜ= ₹ | | |

**ਹਰੇਕ ਸਮੱਗਰੀ ਦੀ ਕੀਮਤ (ਮੁੱਲ) = 1 ਵਸਤੂ ਦਾ ਮੁੱਲ × ਮਾਤਰਾ**

## ਵਰਕਸ਼ੀਟ

**1.** ਰੁਪਇਆਂ ਨੂੰ ਪੈਸੇ ਵਿੱਚ ਬਦਲੋ :

**a)** ₹ 9 = ........................  **b)** ₹ 6 = ........................

**c)** ₹ 2 = ........................  **d)** ₹ 8 = ........................

**2.** ਜੋੜ ਕਰੋ:

| | | |
|---|---|---|
| ₹ 6.50<br>+ ₹ 7.00<br>______<br>______ | ₹ 9.50<br>+ ₹ 14.75<br>______<br>______ | ₹ 23.50<br>+ ₹ 26.50<br>______<br>______ |
| ₹ 19.50<br>+ ₹ 9.25<br>______<br>______ | ₹ 40.05<br>+ ₹ 18.30<br>______<br>______ | ₹ 55.50<br>+ ₹ 20.45<br>______<br>______ |

**3.** ਘਟਾਓ ਕਰੋ:

| | | |
|---|---|---|
| ₹ 55.60<br>– ₹ 25.50<br>______<br>______ | ₹ 75.50<br>– ₹ 25.50<br>______<br>______ | ₹ 43.65<br>– ₹ 20.60<br>______<br>______ |
| ₹ 55.75<br>– ₹ 23.10<br>______<br>______ | ₹ 64.65<br>– ₹ 27.30<br>______<br>______ | ₹ 73.80<br>– ₹ 52.10<br>______<br>______ |

**4.** ਗਿਣੋ ਅਤੇ ਲਿਖੋ :

| | | | | |
|---|---|---|---|---|
| ₹ 50 | ₹ 100 | ₹ 5 | ₹ 10 | ₹ |
| ₹ 100 | ₹ 2500 | ₹ 10 | ₹ 10 | ₹ |

## ਯਾਦ ਰੱਖਣ ਯੋਗ ਗੱਲਾਂ

- 1 ਰੁਪਏ ਵਿੱਚ 50 ਪੈਸੇ ਦੇ 2 ਸਿੱਕੇ
- 1 ਰੁਪਏ ਵਿੱਚ 25 ਪੈਸੇ ਦੇ 4 ਸਿੱਕੇ
- 1 ਰੁਪਏ ਵਿੱਚ 20 ਪੈਸੇ ਦੇ 5 ਸਿੱਕੇ
- 1 ਰੁਪਏ ਵਿੱਚ 10 ਪੈਸੇ ਦੇ 10 ਸਿੱਕੇ

## ਅਸੀਂ ਜੋ ਸਿੱਖਿਆ



# 6 ਆਕ੍ਰਿਤੀਆਂ

## ਉਦੇਸ਼

- ਕਾਗਜ਼ ਨੂੰ ਕੱਟ ਕੇ ਜਾਂ ਮੋੜ ਕੇ ਵੱਖ-ਵੱਖ ਆਕ੍ਰਿਤੀਆਂ ਬਣਾਉਣੀਆਂ ਆ ਜਾਣ ।
- 2-D ਆਕ੍ਰਿਤੀਆਂ ਦੀ ਪਹਿਚਾਣ ਪੱਕੀ ਹੋ ਜਾਵੇ ।
- ਸਿੱਧੀ ਰੇਖਾ ਅਤੇ ਵਕਰ ਰੇਖਾ ਦੁਆਰਾ ਆਕ੍ਰਿਤੀਆਂ ਬਣਾਉਣੀਆਂ ਸਿੱਖ ਜਾਣ।
- ਚੀਨੀ ਅੜਾਉਣੀ (Tangram) ਦੀਆਂ ਟੁੱਕੜੀਆਂ ਰਾਹੀਂ ਆਕ੍ਰਿਤੀਆਂ ਬਣਾਉਣੀਆਂ ਆ ਜਾਣ ।
- ਖ਼ਾਸ ਕਿਸਮ ਦੀਆਂ ਟਾਇਲਾਂ ਦੁਆਰਾ ਟਾਇਲਾਂ ਬਣਾਉਣੀਆਂ ਸਿੱਖ ਜਾਣ ।
- ਨਕਸ਼ੇ ਦਾ ਅੰਤਰ ਗਿਆਨ ਅਤੇ ਸਧਾਰਨ ਨਕਸ਼ੇ ਨੂੰ ਪੜਨਾ ਆ ਜਾਵੇ ।
- ਦੋ ਪਾਸਾਰੀ ਅਤੇ ਤਿੰਨ ਪਾਸਾਰੀ ਆਕ੍ਰਿਤੀਆਂ ਬਣਾਉਣੀਆਂ ਸਿੱਖ ਜਾਣ ।

ਤਿੰਨ ਭੁਜਾਵਾਂ ਕਹੋ ਤਿਕੋਣ,
ਵਰਗ, ਆਇਤ ਦੀਆਂ ਚਾਰ।
ਚੱਕਰ ਦੀ ਕੋਈ ਭੁਜਾ ਨਹੀਂ ਹੈ,
ਭਾਵੇਂ ਹੋਵੇ ਅੰਡਾਕਾਰ।



## ਕੀ ਤੁਹਾਨੂੰ ਯਾਦ ਹੈ?

1. ਹੇਠਾਂ ਇੱਕ ਜੋਕਰ ਦਿੱਤਾ ਗਿਆ ਹੈ। ਇਸ ਵਿਚ ਹੇਠ ਦਰਸਾਏ ਅਨੁਸਾਰ ਰੰਗ ਭਰੋ ਅਤੇ ਵੱਖ-ਵੱਖ ਆਕ੍ਰਿਤੀਆਂ ਦੀ ਗਿਣਤੀ ਕਰੋ :



ਤਿਕੋਣ



ਆਇਤ



ਚੱਕਰ



ਵਰਗ



ਤਸਵੀਰ ਦੇਖੋ ਅਤੇ ਲਿਖੋ :

(1) ਤਿਕੋਣਾਂ ਦੀ ਗਿਣਤੀ = ☐ (2) ਆਇਤਾਂ ਦੀ ਗਿਣਤੀ = ☐

(3) ਵਰਗਾਂ ਦੀ ਗਿਣਤੀ = ☐ (4) ਚੱਕਰਾਂ ਦੀ ਗਿਣਤੀ = ☐

2. ਹੇਠਾਂ ਦਿੱਤੀ ਆਕ੍ਰਿਤੀ ਦੇ ਪਾਸੇ, ਸਿਖ਼ਰ ਅਤੇ ਕਿਨਾਰੇ ਗਿਣੋ ਅਤੇ ਗਿਣਤੀ ਲਿਖੋ :



ਪਾਸੇ = ☐

ਸਿਖ਼ਰ = ☐

ਕਿਨਾਰੇ = ☐

3. ਵੱਖ-ਵੱਖ ਆਕ੍ਰਿਤੀਆਂ ਦੇ ਸਾਹਮਣੇ ਉਨ੍ਹਾਂ ਦੇ ਅਕਾਰਾਂ ਦੇ ਨਾਂ ਲਿਖੋ :




______________________



______________________



______________________



______________________

4. ਤਿਕੋਣਾਂ ਦੀ ਗਿਣਤੀ ਕਰੋ :



☐

## ਕਾਗਜ਼ ਨਾਲ ਵੱਖ-ਵੱਖ ਦੋ ਪਾਸਾਰੀ ਆਕ੍ਰਿਤੀਆਂ ਬਣਾਉਣਾ

ਪਿਛਲੀ ਜਮਾਤ ਵਿੱਚ, ਅਸੀਂ ਤਿਕੋਣ, ਆਇਤ, ਵਰਗ ਅਤੇ ਚੱਕਰ ਬਾਰੇ ਪੜ੍ਹ ਚੁੱਕੇ ਹਾਂ । ਇਸ ਜਮਾਤ ਵਿੱਚ, ਅਸੀਂ ਇਨ੍ਹਾਂ ਆਕ੍ਰਿਤੀਆਂ ਨੂੰ ਕਾਗਜ਼ ਨਾਲ ਗਤੀਵਿਧੀਆਂ ਕਰਕੇ ਵਿਦਿਆਰਥੀਆਂ ਦਾ ਗਿਆਨ ਹੋਰ ਪੱਕਾ ਕਰਨ ਲਈ ਯਤਨ ਕਰਾਂਗੇ।

### ਗਤੀਵਿਧੀ

ਅਧਿਆਪਕ ਜਮਾਤ ਵਿੱਚ ਦਾਖ਼ਲ ਹੁੰਦੇ ਹੀ ਬੱਚਿਆਂ ਨੂੰ ਕਹੇਗਾ ਕਿ ਅੱਜ ਅਸੀਂ ਕਾਗਜ਼ ਤੋਂ ਵੱਖਰੀਆਂ-ਵੱਖਰੀਆਂ ਆਕ੍ਰਿਤੀਆਂ ਬਣਾਉਣ ਦੀ ਖੇਡ ਖੇਡਾਂਗੇ ।

ਹੇਠ ਦਿੱਤੇ ਕਾਗਜ਼ਾਂ ਵਿਚੋਂ ਵੱਡੀ ਤੋਂ ਵੱਡੀ ਸੰਭਵ ਆਇਤ ਕੱਟ ।



**ਅਧਿਆਪਕ ਸੰਕੇਤ :**

ਰੰਗੀਨ ਕਾਗਜ਼ ਲੈ ਕੇ ਉਨ੍ਹਾਂ ਨਾਲ ਵੱਖਰੀਆਂ-ਵੱਖਰੀਆਂ ਆਕ੍ਰਿਤੀਆਂ ਬਣਵਾਉਣਾ।

# ਹੋਰ ਦੋ ਪਾਸਾਰੀ ਆਕ੍ਰਿਤੀਆਂ



ਅਸੀਂ ਸਾਰੇ ਚੱਕਰ, ਵਰਗ, ਤਿਕੋਣ ਅਤੇ
ਆਇਤ ਬਾਰੇ ਜਾਣਦੇ ਹਾਂ ।
ਕੀ ਚਾਰ ਤੋਂ ਵੱਧ ਰੇਖਾਵਾਂ
ਨਾਲ ਵੀ ਆਕ੍ਰਿਤੀ ਬਣ ਸਕਦੀ ਹੈ ?



ਪੰਜ ਭੁਜ



ਛੇ ਭੁਜ

ਤਿਕੋਣ, ਵਰਗ ਅਤੇ ਆਇਤ ਵਾਂਗ ਇਹ ਵੀ ਦੋ ਪਾਸਾਰੀ ਆਕ੍ਰਿਤੀਆਂ ਹਨ। ਇਸ ਤੋਂ ਬਿਨਾਂ ਕੁੱਝ ਆਕ੍ਰਿਤੀਆਂ ਅਜਿਹੀਆਂ ਹੁੰਦੀਆਂ ਜਿੰਨ੍ਹਾ ਦਾ ਕੋਈ ਨਿਰਧਾਰਤ ਆਕਾਰ ਨਹੀਂ ਹੁੰਦਾ ਹੈ ।





**ਅਧਿਆਪਕ ਸੰਕੇਤ :**

ਪੰਜ ਭੁਜਾਵਾਂ ਅਤੇ ਛੇ ਭੁਜਾਵਾਂ ਵਾਲੇ ਚਿੱਤਰ ਬਲੈਕ ਬੋਰਡ 'ਤੇ ਬਣਵਾਉਣਾ।



## ਆਓ ਕਰੀਏ

ਹੇਠਾਂ ਦਿੱਤੇ ਬਿੰਦੂ ਜੰਗਲੇ (Dot Grid) ਦੀ ਮਦਦ ਨਾਲ, ਬਿੰਦੂਆਂ ਨੂੰ ਮਿਲਾ ਕੇ ਦੱਸੇ ਅਨੁਸ ਆਕ੍ਰਿਤੀਆਂ ਬਣਾਓ :



ਵਰਗ ਪੰਜ-ਭੁਜ ਤਿਕੋਣ



ਛੇ-ਭੁਜ ਆਇਤ ਤੁਹਾਡੀ ਮਨਪਸੰਦ ਆਕ੍ਰਿਤੀ

ਗਿਣਤੀ ਮਿਲਾਓ – ਆਕਾਰ ਬਣਾਓ :












## ਆਓ ਸਿੱਖੀਏ

### ਦੋ ਪਾਸਾਰੀ ਆਕ੍ਰਿਤੀਆਂ ਦੀ ਗੁਣਾਂ ਦੇ ਆਧਾਰ 'ਤੇ ਪਹਿਚਾਣ :

ਅਸੀਂ ਵੱਖ ਵੱਖ ਦੋ ਪਾਸਾਰੀ ਆਕ੍ਰਿਤੀਆਂ ਬਾਰੇ ਜਾਣ ਚੁੱਕੇ ਹਾਂ। ਇਨ੍ਹਾਂ ਆਕ੍ਰਿਤੀਆਂ ਦੀਆਂ ਵਿਸ਼ੇਸ਼ਤਾਵਾਂ ਅਤੇ ਗੁਣ ਵੱਖ-ਵੱਖ ਹੁੰਦੇ ਹਨ। ਹੁਣ ਅਸੀਂ ਇਨ੍ਹਾਂ ਗੁਣਾਂ ਬਾਰੇ ਜਾਣਾਂਗੇ ।

ਸਾਨੂੰ ਪਹਿਲਾਂ ਪਤਾ ਹੈ ਕਿ ਦੋ ਪਾਸਾਰੀ ਆਕ੍ਰਿਤੀਆਂ ਦੀਆਂ ਭੁਜਾਵਾਂ ਅਤੇ ਕੋਨੇ ਹੁੰਦੇ ਹਨ। ਇਹਨਾਂ ਆਕ੍ਰਿਤੀਆਂ ਦੀ ਪਛਾਣ ਅਸੀਂ ਇਨ੍ਹਾਂ ਦੀਆਂ ਭੁਜਾਵਾਂ ਅਤੇ ਕੋਨਿਆਂ ਦੀ ਗਿਣਤੀ ਤੋਂ ਕਰ ਸਕਦੇ ਹਾਂ। ਜਿਵੇਂ ਕਿ ਤਿਕੋਣ ਦੀਆਂ ਤਿੰਨ ਭੁਜਾਵਾਂ ਅਤੇ ਤਿੰਨ ਹੀ ਕੋਨੇ ਹੁੰਦੇ ਹਨ। ਇਸੇ ਤਰ੍ਹਾਂ ਆਇਤ ਅਤੇ ਵਰਗ ਦੋਵਾਂ ਦੀਆਂ ਚਾਰ ਭੁਜਾਵਾਂ ਅਤੇ ਚਾਰ ਕੋਨੇ ਹੁੰਦੇ ਹਨ।




ਤਿੰਨ ਭੁਜਾਵਾਂ
ਤਿੰਨ ਕੋਨੇ




ਚਾਰ ਭੁਜਾਵਾਂ
ਚਾਰ ਕੋਨੇ




ਚਾਰ ਭੁਜਾਵਾਂ
ਚਾਰ ਕੋਨੇ

ਹੁਣ ਅਸੀਂ ਆਇਤ ਅਤੇ ਵਰਗ ਦੀ ਇੱਕ ਹੋਰ ਵਿਸ਼ੇਸ਼ਤਾ ਬਾਰੇ ਜਾਣਦੇ ਹਾਂ। ਇਹ ਵਿਸ਼ੇਸ਼ਤਾ ਹੈ, ਵਿਕਰਣ। ਜੇਕਰ ਅਸੀਂ ਆਇਤ ਜਾਂ ਵਰਗ ਦੇ ਸਨਮੁੱਖ (ਸਾਹਮਣੇ) ਕੋਨਿਆਂ ਨੂੰ ਮਿਲਾਈਏ ਤਾਂ ਸਾਨੂੰ ਵਿਕਰਣ ਪ੍ਰਾਪਤ ਹੁੰਦਾ ਹੈ।







**ਆਇਤ ਅਤੇ ਵਰਗ ਦੋਵਾਂ ਵਿੱਚ ਦੋ-ਦੋ ਵਿਕਰਣ ਹੁੰਦੇ ਹਨ। ਚੱਕਰ ਅਤੇ ਤਿਕੋਣ ਵਿੱਚ ਕੋਈ ਵਿਕਰਣ ਨਹੀਂ ਹੁੰਦਾ।**



## ਆਓ ਕਰੀਏ

1. ਹੇਠਾਂ ਦਿੱਤੀਆਂ ਦੋ ਪਾਸਾਰੀ ਆਕ੍ਰਿਤੀਆਂ ਵਿੱਚ ਭੁਜਾਵਾਂ ਅਤੇ ਕੋਨਿਆਂ ਦੀ ਗਿਣਤੀ ਲਿਖੋ ।

(a)



ਭੁਜਾਵਾਂ = ☐

ਕੋਨੇ = ☐

(b)



ਭੁਜਾਵਾਂ = ☐

ਕੋਨੇ = ☐

(c)



ਭੁਜਾਵਾਂ = ☐

ਕੋਨੇ = ☐

(d)



ਭੁਜਾਵਾਂ = ☐

ਕੋਨੇ = ☐

2. ਹੇਠਾਂ ਦਿੱਤੇ ਚਿੱਤਰਾਂ ਵਿੱਚ ਵਿਕਰਣ ਖਿੱਚੋ :

## ਆਓ ਸਿੱਖੀਏ

### ਚੀਨੀ ਅੜਾਉਣੀ (Tangram) ਟੁੱਕੜੀਆਂ ਰਾਹੀਂ ਆਕ੍ਰਿਤੀਆਂ ਬਨਾਉਣਾ

ਟੈਨਗ੍ਰਾਮ ਦੇ ਵੱਖ-ਵੱਖ ਟੁੱਕੜਿਆਂ ਨਾਲ ਅਸੀਂ ਕਈ ਤਰ੍ਹਾਂ ਦੀਆਂ ਆਕ੍ਰਿਤੀਆਂ/ਚਿੱਤਰ ਬਣਾ ਸਕਦੇ ਹਾਂ। ਅੱਜ ਅਸੀਂ ਪੰਜ ਟੁੱਕੜਿਆਂ ਅਤੇ ਸੱਤ ਟੁੱਕੜਿਆਂ ਵਾਲੇ ਟੈਨਗ੍ਰਾਮ ਦੀ ਵਰਤੋਂ ਕਰਕੇ ਆਕ੍ਰਿਤੀਆਂ ਬਣਾਵਾਂਗੇ।

**ਪੰਜ ਟੁੱਕੜਿਆਂ ਵਾਲਾ ਟੈਨਗ੍ਰਾਮ—** ਪੰਜ ਟੁੱਕੜਿਆਂ ਤੋਂ ਮਿਲਕੇ ਬਣੇ ਵਰਗ ਨੂੰ 5 ਟੁੱਕੜਿਆਂ ਵਾਲਾ ਟੈਨਗ੍ਰਾਮ ਕਿਹਾ ਜਾਂਦਾ ਹੈ। ਚਿੱਤਰ ਵਿੱਚ ਦਿੱਤੇ ਪੰਜ ਟੁੱਕੜਿਆਂ ਵਾਲੇ ਟੈਨਗ੍ਰਾਮ ਦੀ ਵਰਤੋਂ ਕਰਕੇ ਹੇਠਾਂ ਦਿੱਤੀਆਂ ਆਕ੍ਰਿਤੀਆਂ ਬਣਾਓ।






**ਅਧਿਆਪਕ ਸੰਕੇਤ :**

ਚਾਰਟ ਜਾਂ ਗੱਤੇ ਨਾਲ ਟੈਨਗ੍ਰਾਮ ਬਣਾਉਣਾ।

## ਆਓ ਕਰੀਏ

1. ਤੁਹਾਡੇ ਟੈਨਗ੍ਰਾਮ ਵਿੱਚ ਕਿੰਨੇ ਤ੍ਰਿਭੁਜ ਹਨ ?
2. ਟੈਨਗ੍ਰਾਮ ਦੇ ਟੁੱਕੜਿਆਂ ਦੀ ਵਰਤੋਂ ਕਰਕੇ ਹੇਠਾਂ ਦਿੱਤੀਆਂ ਆਕ੍ਰਿਤੀਆਂ ਬਣਾਓ।



(1) (2) (3) (4)

3. ਪਤਾ ਲਗਾਓ ਕਿ ਟੁੱਕੜਾ ਨੰਬਰ 2 ਅਤੇ 4 ਵਿੱਚ ਕਿਹੜਾ ਕਿਨਾਰਾ ਬਰਾਬਰ ਹੈ?

## ਆਓ ਸਿੱਖੀਏ

### 7-ਟੁੱਕੜਿਆਂ ਵਾਲਾ ਟੈਨਗ੍ਰਾਮ :

ਸੱਤ ਟੁੱਕੜਿਆਂ ਤੋਂ ਮਿਲਕੇ ਬਣੇ ਵਰਗ ਨੂੰ 7-ਟੁੱਕੜਿਆਂ ਵਾਲਾ ਟੈਨਗ੍ਰਾਮ ਕਿਹਾ ਜਾਂਦਾ ਹੈ। ਚਿੱਤਰ ਵਿੱਚ ਦਿੱਤੇ ਸੱਤ ਟੁੱਕੜਿਆਂ ਵਾਲੇ ਟੈਨਗ੍ਰਾਮ ਦੀ ਵਰਤੋਂ ਕਰਕੇ ਅਗਲੇ ਪੰਨੇ 'ਤੇ ਦਿੱਤੀਆਂ ਆਕ੍ਰਿਤੀਆਂ ਬਣਾਓ।







## ਆਓ ਕਰੀਏ

(a) ਕੇਵਲ ਤ੍ਰਿਭੁਜਾਂ ਦੀ ਵਰਤੋਂ ਕਰਕੇ ਹੇਠ ਦਿੱਤੀ ਆਕ੍ਰਿਤੀ ਬਣਾਓ।



(b) ਟੁੱਕੜਾ ਨੰਬਰ 1,2,3 ਅਤੇ 5 ਦੀ ਵਰਤੋਂ ਕਰਕੇ ਹੇਠ ਦਿੱਤੀ ਆਕ੍ਰਿਤੀ ਬਣਾਓ।



(c) ਕੇਵਲ ਦੋ ਤ੍ਰਿਭੁਜਾਂ ਦੀ ਵਰਤੋਂ ਕਰਕੇ ਹੇਠ ਦਿੱਤੀ ਆਕ੍ਰਿਤੀ ਬਣਾਓ।



(d) ਟੁਕੜਾ ਨੰਬਰ 5 ਅਤੇ 7 ਦੀ ਵਰਤੋਂ ਕਰੋ। ਹੇਠ ਦਿੱਤੀ ਆਕ੍ਰਿਤੀ ਬਣਾਓ।






## ਖਾਸ ਕਿਸਮ ਦੀਆਂ ਟਾਇਲਾਂ ਦੁਆਰਾ ਆਕ੍ਰਿਤੀਆਂ ਬਣਾਉਣਾ :

ਤੁਸੀਂ ਆਪਣੇ ਘਰਾਂ ਵਿੱਚ ਲੱਗੇ ਫਰਸ਼ ਨੂੰ ਦੇਖਿਆ ਹੈ । ਇਸ ਫਰਸ਼ ਉੱਪਰ ਵੱਖ-ਵੱਖ ਟਾਇਲਾਂ ਦੇ ਡਿਜ਼ਾਇਨ ਬਣੇ ਹੁੰਦੇ ਹਨ। ਉਦਾਹਰਨ ਵਜੋਂ ਇਹ ਟਾਇਲ ਦੇਖੋ :



ਇਹ ਟਾਇਲਾਂ ਆਪਸ ਵਿੱਚ ਜੁੜ ਕੇ ਫਰਸ਼ ਨੂੰ ਢੱਕ ਲੈਂਦੀਆਂ ਹਨ ।





## ਆਓ ਕਰੀਏ

1. ਇੱਥੇ ਦੋ ਟਾਇਲਾਂ ਹਨ । ਇਹਨਾਂ ਦੇ ਸਾਹਮਣੇ ਦੋ ਡਿਜਾਇਨ ਬਣੇ ਹਨ । ਲਾਇਨਾਂ ਖਿੱਚ ਕੇ ਮਿਲਾਣ ਕਰੋ ਕਿ ਕਿਹੜਾ ਡਿਜ਼ਾਇਨ ਕਿਸ ਟਾਇਲ ਨਾਲ ਬਣਿਆ ਹੈ ?









2. ਹੇਠਾਂ ਦਿੱਤੇ ਖੇਤਰ ਨੂੰ ਦਿਖਾਏ ਅਨੁਸਾਰ ਟਾਇਲਾਂ ਨਾਲ ਢੱਕੋ ਅਤੇ ਰੰਗ ਭਰੋ :



## ਨਕਸ਼ੇ ਦਾ ਗਿਆਨ ਅਤੇ ਨਕਸ਼ੇ ਨੂੰ ਪੜਨਾ

### ਗਤੀਵਿਧੀ

### ਮੇਰੇ ਸਕੂਲ ਤੱਕ ਦਾ ਰਸਤਾ

ਮਨਪ੍ਰੀਤ ਨੇ ਆਪਣੇ ਘਰ ਤੋਂ ਸਕੂਲ ਤੱਕ ਜਾਣਾ ਹੈ। ਆਓ ਦੇਖੀਏ, ਉਹ ਘਰ ਤੋਂ ਸਕੂਲ ਤੱਕ ਕਿਸ ਤਰ੍ਹਾਂ ਪਹੁੰਚਦੀ ਹੈ :



1. ਮਨਪ੍ਰੀਤ ਘਰ ਤੋਂ ਸਕੂਲ ਵੱਲ ਤੁਰਦੀ ਹੈ।
2. ਘਰ ਤੋਂ ਪਹਿਲਾਂ ਉਹ ਸਿੱਧਾ ਜਾਵੇਗੀ ਤਾਂ ਖੱਬੇ ਹੱਥ ਪਿੰਡ ਦਾ ਬੈਂਕ ਆ ਜਾਵੇਗਾ।
3. ਬੈਂਕ ਤੋਂ ਉਹ ਸੱਜੇ ਪਾਸੇ ਮੁੜਦੀ ਹੈ।
4. ਸਿੱਧੇ ਤੁਰਨ 'ਤੇ ਅੱਗੇ ਸੱਜੇ ਪਾਸੇ ਪੁਰਾਣੇ ਬੋਹੜ ਦਾ ਰੁੱਖ ਹੈ।
5. ਅਗਰ ਉਹ ਸਿੱਧੇ ਜਾਂਦੀ ਹੈ ਤਾਂ ਅੱਗੇ ਰਸਤਾ ਬੰਦ ਹੈ।
6. ਸਕੂਲ ਜਾਣ ਲਈ ਉਹ ਖੱਬੇ ਹੱਥ ਮੁੜਦੀ ਹੈ।
7. ਖੱਬੇ ਮੁੜ ਕੇ ਸਿੱਧੇ ਜਾਣ 'ਤੇ ਸੱਜੇ ਪਾਸੇ ਪੰਚਾਇਤ ਘਰ ਦੇ ਅੱਗਿਓਂ ਹੁੰਦੇ ਹੋਏ ਉਹ ਵਕਰ ਰੇਖਾ ਅਨੁਸਾਰ ਚਲਦੀ ਹੈ।
8. ਮਨਪ੍ਰੀਤ ਦੇ ਘਰ ਤੋਂ ਸਕੂਲ ਤੱਕ ਗਲੀ ਵਿੱਚ ਟਾਇਲਾਂ ਲਗਾਓ।
9. ਅੱਗੇ ਸੱਜੇ ਮੁੜ ਕੇ ਸਾਹਮਣੇ-ਸਟੇਡੀਅਮ ਦਾ ਗੇਟ ਹੈ।
10. ਸਟੇਡੀਅਮ ਦੇ ਗੇਟ ਵੱਲ ਨਾ ਜਾ ਕੇ ਉਹ ਖੱਬੇ ਹੱਥ ਮੁੜਦੀ ਹੈ।
11. ਸਾਹਮਣੇ ਉਸ ਦੇ ਸਕੂਲ ਦਾ ਗੇਟ ਦਿਖਾਈ ਦਿੰਦਾ ਹੈ।



## ਆਓ ਕਰੀਏ

- ਆਪਣੇ ਘਰ ਤੋਂ ਗੁਰਦੁਆਰੇ ਤੱਕ ਜਾਣ ਲਈ ਨਕਸ਼ਾ ਬਣਾਓ।
- ਕੀ ਗੁਰਦੁਆਰੇ ਤੱਕ ਜਾਣ ਲਈ, ਸਕੂਲ ਪਹੁੰਚਣ ਨਾਲੋਂ ਵੱਧ ਸਮਾਂ ਲੱਗਦਾ ਹੈ ?
- ਕੀ ਮਨਪ੍ਰੀਤ ਲਈ ਸਕੂਲ, ਗੁਰਦੁਆਰੇ ਤੋਂ ਵੱਧ ਦੂਰ ਹੈ ?
- ਅਜਿਹੀਆਂ ਥਾਵਾਂ ਦੀ ਸੂਚੀ ਬਣਾਓ, ਜੋ ਮਨਪ੍ਰੀਤ ਦੇ ਸਕੂਲ ਪਹੁੰਚਣ ਅਤੇ ਗੁਰਦੁਆਰੇ ਜਾਣ ਲਈ ਦੋਵਾਂ ਦੇ ਰਸਤੇ ਵਿੱਚ ਆਉਂਦੀਆਂ ਹਨ।

## ਤਿੰਨ ਪਾਸਾਰੀ ਆਕ੍ਰਿਤੀਆਂ ਬਣਾਉਣਾ :

ਅਸੀਂ ਪਿਛਲੀ ਜਮਾਤ ਵਿੱਚ, ਤਿੰਨ ਪਾਸਾਰੀ ਆਕ੍ਰਿਤੀਆਂ ਬਾਰੇ ਜਾਣ ਚੁੱਕੇ ਹਾਂ ।ਅਸੀਂ ਘਣ, ਘਣਾਵ, ਸ਼ੰਕੂ, ਸਿਲੰਡਰ ਅਤੇ ਗੋਲੇ ਬਾਰੇ ਜਾਣ ਚੁੱਕੇ ਹਾਂ। ਅਸੀਂ ਇਹਨਾਂ ਠੋਸ ਆਕ੍ਰਿਤੀਆਂ ਦੇ ਪਾਸਿਆਂ, ਸਿਖ਼ਰਾਂ ਅਤੇ ਕਿਨਾਰਿਆਂ ਬਾਰੇ ਵੀ ਜਾਣਦੇ ਹਾਂ ।ਹੁਣ ਅਸੀਂ ਦੋ ਪਾਸਾਰੀ ਆਕ੍ਰਿਤੀਆਂ ਤੋਂ ਤਿੰਨ ਪਸਾਰੀ ਆਕ੍ਰਿਤੀਆਂ ਨੂੰ ਬਣਾਉਣਾ ਸਿੱਖਾਂਗੇ ।

**ਗਤੀਵਿਧੀ** ਤ੍ਰਿਭੁਜ ਤੋਂ ਸ਼ੰਕੂ ਬਣਾਉਣਾ ।

ਅਧਿਆਪਕ ਵਿਦਿਆਰਥੀਆਂ ਨੂੰ ਕਾਗਜ਼ ਦੀ ਇੱਕ ਤਿਕੋਣ ਕੱਟ ਕੇ ਦੇਵੇਗਾ ।



ਕਾਗਜ਼ ਦਾ ਟੁੱਕੜਾ

ਅਧਿਆਪਕ ਹੁਣ ਇਸਨੂੰ ਸਿਖ਼ਰ ਦੇ ਗਿਰਦ ਘੁਮਾਏਗਾ।

 ਇਸ ਤਰ੍ਹਾਂ, ਪ੍ਰਾਪਤ ਆਕ੍ਰਿਤੀ  ਸ਼ੰਕੂ ਬਣੇਗੀ ।

**ਗਤੀਵਿਧੀ** ਆਇਤ ਤੋਂ ਸਿਲੰਡਰ ਬਣਾਉਣਾ।

ਅਧਿਆਪਕ ਵਿਦਿਆਰਥੀਆਂ ਨੂੰ ਕਾਗਜ਼ ਦੇ ਇੱਕ ਟੁੱਕੜੇ ਵਿੱਚੋਂ ਆਇਤ ਕੱਟ ਕੇ ਦੇਵੇਗਾ ।



ਕਾਗਜ਼ ਦਾ ਟੁੱਕੜਾ

ਅਧਿਆਪਕ ਹੁਣ ਇਸਨੂੰ ਇਸਦੇ ਬਿਲਕੁਲ ਅੱਧ ਵਿਚੋਂ ਘੁਮਾਏਗਾ ।



ਇਸ ਤਰ੍ਹਾਂ, ਪ੍ਰਾਪਤ ਆਕ੍ਰਿਤੀ  ਸਿਲੰਡਰ ਕਿਹਾ ਜਾਂਦਾ ਹੈ ।

**ਅਧਿਆਪਕ ਸੰਕੇਤ :**

ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਕਾਗਜ਼ ਕੱਟਣ ਦੀ ਕਿਰਿਆ ਦੁਹਰਾਉਂਦੇ ਹੋਏ ਘਣ, ਘਣਾਵ ਅਤੇ ਹੋਰ ਆਕ੍ਰਿਤੀਆਂ ਬਣਾ ਕੇ ਦਿਖਾਏਗਾ।

## ਅਸੀਂ ਜੋ ਸਿੱਖਿਆ



# 7 ਨਮੂਨੇ

## ਉਦੇਸ਼

- ਸਧਾਰਨ ਆਕ੍ਰਿਤੀਆਂ ਅਤੇ ਸੰਖਿਆਵਾਂ ਵਾਲੇ ਨਮੂਨਿਆਂ ਦੀ ਪਹਿਚਾਣ ਕਰਕੇ ਨਮੂਨਿਆਂ ਨੂੰ ਅੱਗੇ ਵਧਾਉਣਾ।
- ਨਮੂਨਿਆਂ ਦੀ ਸਹਾਇਤਾ ਨਾਲ ਟਾਂਕ ਅਤੇ ਜਿਸਤ ਸੰਖਿਆਵਾਂ ਦੀ ਪਹਿਚਾਣ ਕਰਵਾਉਣਾ ਅਤੇ ਜੋੜ ਸਿਖਾਉਣਾ।
- ਆਪਣੇ ਆਲੇ ਦੁਆਲੇ ਵਿਚੋਂ ਸੰਖਿਆਵਾਂ ਦੇ ਨਮੂਨੇ ਦੀ ਪਹਿਚਾਣ ਕਰਕੇ ਜੋੜ ਅਤੇ ਗੁਣਾ ਦੀ ਸਹਾਇਤਾ ਨਾਲ ਨਮੂਨੇ ਤਿਆਰ ਕਰਨਾ ਸਿਖਾਉਣਾ।
- ਨਮੂਨਿਆਂ ਵਿੱਚ ਰੋਚਕਤਾ ਪੈਦਾ ਕਰਨ ਲਈ ਬੱਚਿਆਂ ਨੂੰ ਗੁਪਤ ਸੰਦੇਸ਼ ਬਣਾਉਣੇ ਸਿਖਾਉਣਾ।

### ਕੀ ਤੁਹਾਨੂੰ ਯਾਦ ਹੈ?

ਧਿਆਨ ਨਾਲ ਦੇਖੋ ਅਤੇ ਖਾਲੀ ਖਾਨੇ ਭਰੋ :

| | | | | | | | |
|---|---|---|---|---|---|---|---|
| 3 | 6 | 9 | | | | | |

| | | | | | | | |
|---|---|---|---|---|---|---|---|
| 8 | 18 | 28 | | | | | |

| | | | | | | | |
|---|---|---|---|---|---|---|---|
| AB | CD | EF | | | | | |




# ਨਮੂਨਿਆਂ ਦੇ ਚਿੱਤਰ

## ਜਾਣ-ਪਹਿਚਾਣ

ਨਮੂਨਿਆਂ ਦਾ ਅਧਿਐਨ ਬੱਚਿਆਂ ਦੀ ਕਿਸੇ ਸਿੱਟੇ, ਸਧਾਰਨੀਕਰਨ ਅਤੇ ਪੂਰਵ ਅਨੁਮਾਨ ਤੱਕ ਪਹੁੰਚ ਸਕਣ ਵਿੱਚ ਸਹਾਇਤਾ ਕਰਦਾ ਹੈ। ਨਮੂਨਿਆਂ ਦੀ ਸਮਝ ਗਣਿਤਕ ਸਿਖਲਾਈ ਨੂੰ ਵਿਕਸਿਤ ਕਰਕੇ ਬੱਚਿਆਂ ਨੂੰ ਸਮੱਸਿਆਵਾਂ ਸੋਚ ਸਮਝ ਕੇ ਹੱਲ ਕਰਨ ਵਿੱਚ ਸਹਾਇਕ ਹੁੰਦੀ ਹੈ।



ਮੈਂ ਕੁੱਝ ਨਮੂਨਿਆਂ ਦੇ ਚਿੱਤਰ ਬਣਾਏ ਹਨ। ਇਹਨਾਂ ਵਿੱਚ ਕਿਸੇ ਨਿਯਮ ਦੀ ਵਰਤੋਂ ਕੀਤੀ ਗਈ ਹੈ।





ਦੇਖੋ, ਇਸ ਨਮੂਨੇ ਵਿੱਚ ਇੱਕ ਪੈਨਸਿਲ ਤੋਂ ਬਾਅਦ ਦੋ ਕਿਤਾਬਾਂ ਰੱਖੀਆਂ ਗਈਆਂ ਹਨ।





ਇਸ ਨਮੂਨੇ ਵਿੱਚ ਇੱਕ ਬਾਲਟੀ ਤੋਂ ਬਾਅਦ ਇੱਕ ਗਿਲਾਸ ਹੈ। ਇਸ ਤਰਤੀਬ ਨੂੰ ਵਾਰ-2 ਦੁਹਰਾਇਆ ਗਿਆ ਹੈ।

### ਅਧਿਆਪਕ ਸੰਕੇਤ :

ਇਸੇ ਪ੍ਰਕਾਰ ਅਧਿਆਪਕ ਬੱਚਿਆਂ ਨੂੰ ਆਪਣੀ ਜਮਾਤ ਅਤੇ ਆਲੇ ਦੁਆਲੇ ਤੋਂ ਨਮੂਨਿਆਂ ਦੀਆਂ ਹੋਰ ਉਦਾਹਰਨਾਂ ਜਿਵੇਂ ਖਿੜਕੀਆਂ ਦੀਆਂ ਗਰਿਲਾਂ, ਫਰਸ਼ ਦੀਆਂ ਟਾਈਲਾਂ, ਕੱਪੜੇ ਉੱਪਰ ਬਣੇ ਨਮੂਨਿਆਂ ਆਦਿ ਬਾਰੇ ਦੱਸਦਾ ਹੋਇਆ ਨਮੂਨੇ ਦਾ ਸੰਕਲਪ ਸਮਝਾਏਗਾ।



## ਆਓ ਕਰੀਏ

ਨਮੂਨਿਆਂ ਨੂੰ ਅੱਗੇ ਪੂਰਾ ਕਰੋ :-

 ................ ................

 ................ ................

 ................ ................

 ................ ................

 ................ ................

ਅੰਗੂਠੇ ਨਾਲ ਸੁੰਦਰ ਨਮੂਨੇ ਬਣਾਓ :-



ਹੇਠਾਂ ਦਿੱਤੇ ਪਹਿਲੇ ਨਮੂਨੇ ਵਾਂਗ ਅਗਲੇ ਨਮੂਨੇ ਬਣਾਓ :-






## ਜਿਸਤ ਅਤੇ ਟਾਂਕ ਸੰਖਿਆਵਾਂ ਦੇ ਨਮੂਨੇ :

| | | | | | | | | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 | 28 | 29 | 30 |
| 91 | 92 | 93 | 94 | 95 | 96 | 97 | 98 | 99 | 100 |

ਉਪਰੋਕਤ ਨਮੂਨੇ ਦੇ ਆਧਾਰ 'ਤੇ ਅਸੀਂ ਦੇਖ ਸਕਦੇ ਹਾਂ ਕਿ ਜਿਨ੍ਹਾਂ ਸੰਖਿਆਵਾਂ ਦੇ ਅੰਤ ਵਿੱਚ 1, 3, 5, 7, 9 ਹੈ, ਉਹ ਟਾਂਕ ਸੰਖਿਆਵਾਂ ਹਨ ਅਤੇ ਜਿਨ੍ਹਾਂ ਸੰਖਿਆਵਾਂ ਦੇ ਅੰਤ ਵਿੱਚ 2, 4, 6, 8, 0 ਆਉਂਦੇ ਹਨ, ਉਹ ਜਿਸਤ ਸੰਖਿਆਵਾਂ ਹਨ ।

**ਉਪਰੋਕਤ ਸਾਰਨੀ ਦੇ ਆਧਾਰ 'ਤੇ ਹੇਠ ਲਿਖੀਆਂ ਖਾਲੀ ਥਾਵਾਂ ਪੂਰੀਆਂ ਕਰੋ ।**

1 ਤੋਂ 20 ਤੱਕ ਦੀਆਂ ਟਾਂਕ ਸੰਖਿਆਵਾਂ ਲਿਖੋ :

1, 3, 5, 7, --, --, --, --, --, --

21 ਤੋਂ 40 ਤੱਕ ਦੀਆਂ ਜਿਸਤ ਸੰਖਿਆਵਾਂ ਲਿਖੋ :

22, 24, 26, 28, --, --, --, --, --

## ਟਾਂਕ ਸੰਖਿਆਵਾਂ ਦਾ ਜੋੜ :-

| | | | | | | |
|---|---|---|---|---|---|---|
| 1 | = | 1 | = | 1 | × | 1 |
| 1+3 | = | 4 | = | 2 | × | 2 |
| 1+3+5 | = | 9 | = | 3 | × | 3 |
| 1+3+5+7 | = | 16 | = | 4 | × | 4 |
| 1+3+5+7+9 | = | 25 | = | 5 | × | 5 |
| ⋮ | | ⋮ | | ⋮ | | ⋮ |

## ਜਿਸਤ ਸੰਖਿਆਵਾਂ ਦਾ ਜੋੜ :-

| | | | | | | | |
|---|---|---|---|---|---|---|---|
| 2 | = | 2 | = | 1 | × | 2 |
| 2 + 4 | = | 6 | = | 2 | × | 3 |
| 2 + 4 + 6 | = | 12 | = | 3 | × | 4 |
| 2 + 4 + 6 + 8 | = | 20 | = | 4 | × | 5 |
| ⋮ | | ⋮ | | ⋮ | | ⋮ |

ਇਸੇ ਤਰ੍ਹਾਂ ਇਹ ਨਮੂਨੇ ਅੱਗੇ ਵੱਧਦੇ ਜਾਂਦੇ ਹਨ।



ਕੁੱਝ ਨਮੂਨੇ ਇੱਕ ਜੋੜਦੇ,
ਕੁੱਝ ਨਮੂਨੇ ਦੋ।
ਕੁੱਝ ਤਿੰਨ ਚਾਰ ਤੇ ਪੰਜ ਜੋੜਦੇ,
ਕੁੱਝ ਛੇ, ਸੱਤ, ਅੱਠ ਤੇ ਨੌਂ ।
ਕੁੱਝ ਨਮੂਨੇ ਗੁਣਾ ਵੀ ਕਰਦੇ,
ਕੁੱਝ ਕਰਦੇ ਘਟਾਓ।
ਭਾਗ ਵਾਲੇ ਵੀ ਹੁੰਦੇ ਨੇ ਕੁੱਝ,
ਸਮਝੋ ਤੇ ਸਮਝਾਓ ।



**ਆਓ ਕਰੀਏ**

1. ਨਮੂਨਿਆਂ ਨੂੰ ਸਮਝਦੇ ਹੋਏ ਅੱਗੇ ਨਮੂਨੇ ਪੂਰੇ ਕਰੋ :

(a) 51 (+2) 53 (+2) 55 (+2) 57 (+2) ______ ______

(b) 90 (–2) 88 (–2) 86 (–2) 84 (–2) ______ ______

(c) 61 (+3) 64 (+3) 67 (+3) 70 (+3) ______ ______

2. ਟਾਂਕ ਸੰਖਿਆਵਾਂ ਨੂੰ ਜੋੜਦੇ ਹੋਏ ਅੱਗੇ ਨਮੂਨੇ ਪੂਰੇ ਕਰੋ :-

(a) $1 + 3 + 5 + 7 + 9 + 11 = 6 \times 6$

(b) $1 + 3 + 5 + 7 + 9 + 11 + 13 = 7 \times 7$

(c) $1 + 3 + 5 + 7 + 9 + 11 + 13 + 15 =$ _____

(d) $1 + 3 + 5 + 7 + 9 + 11 + 13 + 15 + 17 =$ _____

3. ਜਿਸਤ ਸੰਖਿਆਵਾਂ ਨੂੰ ਜੋੜਦੇ ਹੋਏ ਨਮੂਨੇ ਪੂਰੇ ਕਰੋ :-

(a) $2 + 4 + 6 + 8 + 10 = 5 \times 6$

(b) $2 + 4 + 6 + 8 + 10 + 12 = 6 \times 7$

(c) $2 + 4 + 6 + 8 + 10 + 12 + 14 =$ _____

(d) $2 + 4 + 6 + 8 + 10 + 12 + 14 + 16 =$ _____

4. ਨਮੂਨਿਆਂ ਨੂੰ ਧਿਆਨ ਨਾਲ ਦੇਖੋ ਅਤੇ ਪੂਰਾ ਕਰੋ :-




## ਗਤੀਵਿਧੀ

### ਸੁਨੇਹਿਆਂ ਦੀ ਲੁਕਣ ਮੀਟੀ

ਹਰਮਨ ਅਤੇ ਅਦਬ ਇੱਕ ਦੂਸਰੇ ਨੂੰ ਲੁਕੇ ਹੋਏ ਸੰਦੇਸ਼ਾਂ ਵਿੱਚ ਕੁੱਝ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ। ਕੀ ਤੁਸੀਂ ਦੱਸ ਸਕਦੇ ਹੋ ?



ਕੁੱਝ ਹੋਰ ਨਮੂਨੇ :-

1W2E3L4 C5O6M7E8

ੳLਅEੲTਸUਹSਕFਖUਗNਘ

ਹੁਣ ਤੁਸੀਂ ਵੀ ਕੁੱਝ ਇਸੇ ਤਰ੍ਹਾਂ ਦੇ ਸੰਦੇਸ਼ ਬਣਾਉਣ ਦੀ ਕੋਸ਼ਿਸ਼ ਕਰੋ :-

..............................................................................

..............................................................................

..............................................................................

**ਅਧਿਆਪਕ ਸੰਕੇਤ :**

ਅਧਿਆਪਕ ਉਪਰੋਕਤ ਗਤੀਵਿਧੀ ਵਿੱਚੋਂ ਬੱਚਿਆਂ ਨੂੰ ਅੰਕ/ਪੰਜਾਬੀ ਦੇ ਅੱਖਰ ਛੱਡ ਕੇ ਅੰਗਰੇਜੀ ਵਾਲੇ ਅੱਖਰਾਂ ਨੂੰ ਜੋੜ ਕੇ ਵਾਕ ਤਿਆਰ ਕਰਨ ਲਈ ਕਹੇਗਾ ।

## ਅਸੀਂ ਜੋ ਸਿੱਖਿਆ

**ਨਮੂਨੇ**

- ਜਿਸਤ ਅਤੇ ਟਾਂਕ ਸੰਖਿਆਵਾਂ ਦੇ ਨਮੂਨਿਆਂ ਦੀ ਸਮਝ
- ਜੋੜ, ਘਟਾਓ, ਗੁਣਾ ਦੀ ਵਰਤੋਂ ਨਾਲ ਨਮੂਨਿਆਂ ਦੀ ਸਮਝ
- ਨਮੂਨਿਆਂ ਦੀ ਵਰਤੋਂ ਨਾਲ ਗੁਪਤ ਸੰਦੇਸ਼ ਲਿਖਣਾ

# 8 ਮਾਪ

## ਉਦੇਸ਼

- ਮਾਪ ਦੀਆਂ ਮਿਆਰੀ ਇਕਾਈਆਂ (Standard units) ਤੋਂ ਜਾਣੂ ਕਰਵਾਉਣਾ।
- ਛੋਟੀਆਂ-ਵੱਡੀਆਂ ਮਿਆਰੀ ਇਕਾਈਆਂ (Standard units) ਦਾ ਆਪਸੀ ਸਬੰਧ।
- ਮਿਆਰੀ ਇਕਾਈਆਂ ਦੀ ਵਰਤੋਂ ਨਾਲ ਜੋੜ-ਘਟਾਓ ਦਾ ਗਿਆਨ।
- ਤੁਲਨਾ ਕਰਨਾ ।
- ਕ੍ਰਮ ਵਿੱਚ ਸੋਚਣਾ ।

## ਲੰਬਾਈ

### ਕੀ ਤੁਹਾਨੂੰ ਯਾਦ ਹੈ?



1. ਤੁਹਾਡੀ ਜਮਾਤ ਦੇ ਮੇਜ ਦੀ ਲੰਬਾਈ ਕਿੰਨੀਆਂ ਗਿੱਠਾਂ ਹੈ ?

   ..............................................

2. ਬਲੈਕ ਬੋਰਡ ਦੀ ਲੰਬਾਈ ਕਿੰਨੀਆਂ ਗਿੱਠਾਂ ਹਨ ?

   ..............................................

3. ਜਮਾਤ ਦੇ ਕਮਰੇ ਤੋਂ ਗੇਟ ਤੱਕ ਦੀ ਦੂਰੀ ਕਿੰਨੇ ਕਦਮ ਹੈ ?

   ..............................................



- ਉਪਰੋਕਤ ਸਵਾਲਾਂ ਦੇ ਜਵਾਬ ਵੱਖ-ਵੱਖ ਹੋਣਗੇ।
- ਅਜਿਹਾ ਇਸ ਲਈ ਕਿਉਂਕਿ ਸਾਰਿਆਂ ਦੀਆਂ ਗਿੱਠਾ ਅਤੇ ਕਦਮਾਂ ਦੀ ਲੰਬਾਈ ਇੱਕ ਜਿਹੀ ਨਹੀਂ ਹੁੰਦੀ।

## ਰੋਜ਼ਾਨਾ ਜ਼ਿੰਦਗੀ ਵਿੱਚ



ਬੱਚਿਓ, ਕੱਪੜਾ ਮਾਪਣ ਲਈ ਦੁਕਾਨਦਾਰ ਮੀਟਰ ਰੱਡ ਦੀ ਵਰਤੋਂ ਕਰਦਾ ਹੈ।




ਮੀਟਰ ਰੱਡ



ਕੀ ਦਰਜ਼ੀ ਵੀ ਕੱਪੜਾ ਮੀਟਰ ਰੱਡ ਨਾਲ ਮਾਪਦਾ ਹੈ ? ਕੀ ਉਹ ਤੁਹਾਡਾ ਮਾਪ ਮੀਟਰ ਰੱਡ ਨਾਲ ਲੈਂਦਾ ਹੈ ?





ਨਹੀਂ, ਦਰਜੀ ਇੰਚੀ ਟੇਪ ਦੀ ਵਰਤੋਂ ਕਰਦਾ ਹੈ।



ਅੱਛਾ ਬੱਚਿਓ, ਦੱਸੋ ਭਲਾ ਮਿਸਤਰੀ ਲੰਬਾਈ ਮਾਪਣ ਲਈ ਕੀ ਵਰਤਦਾ ਹੈ ?



ਮਿਸਤਰੀ ਲੰਬਾਈ ਮਾਪਣ ਲਈ ਫੀਤੇ ਦੀ ਵਰਤੋਂ ਕਰਦਾ ਹੈ।




### ਗਤੀਵਿਧੀ

**ਸਮੱਗਰੀ** — ਸੋਟੀ ਜਾਂ ਡੋਰੀ, ਇੰਚੀ ਟੇਪ, ਮਾਰਕਰ।

**ਕਿਰਿਆ** — ਇੱਕ ਸੋਟੀ ਲਓ, ਉਸਨੂੰ ਇੰਚੀ ਟੇਪ ਨਾਲ ਮਾਪ ਕੇ 1 ਮੀਟਰ 'ਤੇ ਨਿਸ਼ਾਨ ਲਗਾ ਲਓ। ਹਰ ਇੱਕ ਬੱਚੇ ਦਾ ਆਪਣਾ ਮੀਟਰ ਤਿਆਰ ਹੋ ਜਾਵੇਗਾ।

**ਅਧਿਆਪਕ ਸੰਕੇਤ :**

ਮੀਟਰ ਰੱਡ ਤਿਆਰ ਕਰਨ ਵਿੱਚ ਬੱਚਿਆਂ ਦੀ ਮਦਦ ਕਰਨਾ।









ਬੱਚਿਓ, ਤੁਸੀਂ ਸੋਚ ਰਹੇ ਹੋਵੋਗੇ ਕਿ ਇੱਕ ਸੈਂਟੀਮੀਟਰ ਕਿੰਨਾ ਕੁ ਹੁੰਦਾ ਹੈ?



ਬੱਚਿਓ, ਦੇਖੋ ਇਸ ਨੂੰ ਫੁੱਟਾ ਜਾਂ ਸਕੇਲ ਆਖਦੇ ਹਨ, ਇਸ ਉੱਤੇ ਲੱਗੇ ਸੈਂਟੀਮੀਟਰ ਦੇ ਨਿਸ਼ਾਨ ਦੇਖੋ।



ਇੱਕ ਸੈਂਟੀਮੀਟਰ ਲਗਭਗ ਤੁਹਾਡੀ ਉਂਗਲ ਦੀ ਮੋਟਾਈ ਬਰਾਬਰ ਹੁੰਦਾ ਹੈ।






ਮਾਚਿਸ ਦੀ ਤੀਲੀ 4 ਸੈਂਟੀਮੀਟਰ ਲੰਬੀ ਹੈ।

ਮੋਮੀ ਰੰਗ (ਕਰੇਓਨ).........ਸੈਂਟੀਮੀਟਰ ਲੰਬਾ ਹੈ।

## ਅਧਿਆਪਕ ਸੰਕੇਤ :

ਬੱਚਿਆਂ ਨੂੰ ਆਪਣੇ ਕੋਲ ਬੁਲਾ ਕੇ ਫੁੱਟੇ ਦੀ ਸਹਾਇਤਾ ਨਾਲ ਵੱਖ-ਵੱਖ ਵਸਤੂਆਂ ਮਾਪਣ ਲਈ ਕਹਿਣਾ।

## ਗਤੀਵਿਧੀ

ਹੇਠਾਂ ਦਿੱਤੀ ਸਾਰਣੀ ਵਿੱਚ ਆਪਣੀ ਜਮਾਤ ਦੇ ਵਿਦਿਆਰਥੀਆਂ ਦੀ ਲੰਬਾਈ ਭਰੋ ।

| ਵਿਦਿਆਰਥੀ ਦਾ ਨਾਂ | ਅਨੁਮਾਨਿਤ (ਸੈਂ. ਮੀ.) | ਸਹੀ ਮਾਪ (ਸੈਂ. ਮੀ.) |
|---|---|---|
| | | |
| | | |
| | | |
| | | |



ਦਰਵਾਜੇ ਦੀ ਲੰਬਾਈ ਦਾ (ਮੀਟਰਾਂ ਵਿੱਚ) ਅਨੁਮਾਨ ਲਗਾਓ।

ਫਿਰ ਅਧਿਆਪਕ ਮਾਪ ਕੇ ਦੱਸੇਗਾ, ...... ਮੀਟਰ।

### ਆਓ ਕਰੀਏ

1. ਲੰਬਾਈ ਪਤਾ ਕਰੋ :




..............................




..............................




..............................




..............................

**ਅਧਿਆਪਕ ਸੰਕੇਤ :**

ਵਿਦਿਆਰਥੀਆਂ ਦੀ ਲੰਬਾਈ ਮਾਪਣ ਵਿੱਚ ਸਹਾਇਤਾ ਕਰਨਾ।

2. ਕੁਝ ਹੋਰ ਵਸਤੂਆਂ ਲੈ ਕੇ ਹੇਠਾਂ ਦਿੱਤੀ ਸਾਰਣੀ ਪੂਰੀ ਕਰੋ :

| ਵਸਤੂ | ਅਨੁਮਾਨਿਤ ਲੰਬਾਈ | ਅਸਲ ਲੰਬਾਈ |
|---|---|---|
| ਚਾਕ | 7 ਸੈ. ਮੀ. | 7 ਸੈ. ਮੀ. |
| | | |
| | | |
| | | |

3. ਰੇਖਾ ਖੰਡ ਦੀ ਲੰਬਾਈ ਸੈਂਟੀਮੀਟਰਾਂ ਵਿੱਚ ਮਾਪ ਕੇ ਲਿਖੋ :

..... ਸੈ. ਮੀ. ..... ਸੈ. ਮੀ.

..... ਸੈ. ਮੀ. ..... ਸੈ. ਮੀ.




## ਦਿੱਤੀ ਹੋਈ ਲੰਬਾਈ ਦਾ ਰੇਖਾ-ਖੰਡ ਖਿੱਚਣਾ —

ਦਿੱਤੀ ਹੋਈ ਲੰਬਾਈ (ਮੰਨ ਲਓ 5 ਸੈਂ. ਮੀ.) ਦਾ ਰੇਖਾ-ਖੰਡ ਖਿੱਚਣ ਲਈ, ਅਸੀਂ ਹੇਠ ਲਿਖੇ ਅਨੁਸਾਰ ਚਲਦੇ ਹਾਂ-

ਇੱਕ ਬਿੰਦੂ A ਲਓ । ਫੁੱਟੇ ਨੂੰ ਇਸ ਤਰਾਂ ਰੱਖੋ ਕਿ ਫੁੱਟੇ ਦਾ '0' ਚਿੰਨ੍ਹ A ਉੱਤੇ ਹੋਵੇ। ਜਿਵੇਂ ਚਿੱਤਰ ਵਿੱਚ ਦਿਖਾਇਆ ਗਿਆ ਹੈ।




5 ਸੈਂ.ਮੀ. 'ਤੇ ਇੱਕ ਬਿੰਦੂ ਲਗਾਓ ਅਤੇ ਇਸਨੂੰ B ਨਾਮ ਦਿਓ ।




ਪੈਨਸਿਲ ਨੂੰ ਫੁੱਟੇ ਦੇ ਨਾਲ-ਨਾਲ ਚਲਾਉਂਦੇ ਹੋਏ ਬਿੰਦੂ A ਅਤੇ B ਨੂੰ ਮਿਲਾਓ ।
AB ਲੋੜੀਂਦਾ ਰੇਖਾ-ਖੰਡ ਹੈ।





## ਆਓ ਕਰੀਏ

1. ਹੇਠਾਂ ਦਿੱਤੀਆਂ ਲੰਬਾਈਆਂ ਦੇ ਰੇਖਾ-ਖੰਡ ਖਿੱਚੋ :

(a) 5 ਸੈ.ਮੀ. (b) 8 ਸੈ.ਮੀ. (c) 6 ਸੈ.ਮੀ. (d) 10 ਸੈ.ਮੀ.

(e) 2 ਸੈ.ਮੀ. (f) 7 ਸੈ.ਮੀ. (g) 9 ਸੈ.ਮੀ. (h) 12 ਸੈ.ਮੀ.

2. ਅਸਲੀ ₹100 ਦੇ ਨੋਟ ਦੀ ਲੰਬਾਈ ਅਤੇ ਚੌੜਾਈ ਮਾਪੋ ਅਤੇ ਲਿਖੋ—

ਅਸਲੀ ₹100 ਦੇ ਨੋਟ ਦੀ ਲੰਬਾਈ ................ ਸੈਂ. ਮੀ.

ਅਸਲੀ ₹100 ਦੇ ਨੋਟ ਦੀ ਚੌੜਾਈ ................ ਸੈਂ. ਮੀ.



## ਆਓ ਸਿੱਖੀਏ

1. ਜੋੜ ਕਰੋ

```
  44 ਸੈਂ.ਮੀ.          55 ਸੈਂ.ਮੀ.
+ 16 ਸੈਂ.ਮੀ.        + 24 ਸੈਂ.ਮੀ.
-------------       -------------
  60 ਸੈਂ.ਮੀ.          79 ਸੈਂ.ਮੀ.
-------------       -------------
```

2. ਘਟਾਓ :

```
                      5 10
  85 ਸੈਂ.ਮੀ.          6̸0̸ ਸੈਂ.ਮੀ.
- 24 ਸੈਂ.ਮੀ.        - 28 ਸੈਂ.ਮੀ.
-------------       -------------
  61 ਸੈਂ.ਮੀ.          32 ਸੈਂ.ਮੀ.
-------------       -------------
```

3. ਸੁਮਨ ਕੋਲ 80 ਸੈਂਟੀਮੀਟਰ ਲੰਬਾ ਰਿਬਨ ਹੈ। ਮੀਨਾ ਕੋਲ 75 ਸੈਂਟੀਮੀਟਰ ਲੰਬਾ ਰਿਬਨ ਹੈ। ਜੇਕਰ ਦੋਵੇਂ ਰਿਬਨਾਂ ਨੂੰ ਜੋੜ ਦਿੱਤਾ ਜਾਵੇ ਤਾਂ ਰਿਬਨ ਦੀ ਕੁੱਲ ਲੰਬਾਈ ਪਤਾ ਕਰੋ।

ਹੱਲ

ਸੁਮਨ ਕੋਲ ਰਿਬਨ = 80 ਸੈਂ.ਮੀ.

ਮੀਨਾ ਕੋਲ ਰਿਬਨ = 75 ਸੈਂ.ਮੀ.

```
ਦੋਵੇਂ ਰਿਬਨਾਂ ਦੀ ਕੁੱਲ ਲੰਬਾਈ =   80 ਸੈਂ.ਮੀ.
                           + 75 ਸੈਂ.ਮੀ.
                           -------------
                            155 ਸੈਂ.ਮੀ.
                           -------------
```

ਇਸ ਲਈ, ਦੋਵੇਂ ਰਿਬਨਾਂ ਦੀ ਕੁੱਲ ਲੰਬਾਈ 155 ਸੈਂ.ਮੀ. ਹੈ।



**ਆਓ ਕਰੀਏ**

1. ਜੋੜ ਕਰੋ :

| | | | |
|---|---|---|---|
| 8 ਸੈਂ.ਮੀ. | 12 ਸੈਂ.ਮੀ. | 45 ਸੈਂ.ਮੀ. | 80 ਸੈਂ.ਮੀ. |
| + 6 ਸੈਂ.ਮੀ. | + 18 ਸੈਂ.ਮੀ. | + 26 ਸੈਂ.ਮੀ. | + 25 ਸੈਂ.ਮੀ. |
| | | | |

| | | | |
|---|---|---|---|
| 9 ਸੈਂ.ਮੀ. | 82 ਸੈਂ.ਮੀ. | 67 ਸੈਂ.ਮੀ. | 30 ਸੈਂ.ਮੀ. |
| + 4 ਸੈਂ.ਮੀ. | + 64 ਸੈਂ.ਮੀ. | + 57 ਸੈਂ.ਮੀ. | + 18 ਸੈਂ.ਮੀ. |
| | | | |

2. ਘਟਾਓ ਕਰੋ :

| | | | |
|---|---|---|---|
| 9 ਸੈਂ.ਮੀ. | 74 ਸੈਂ.ਮੀ. | 42 ਸੈਂ.ਮੀ. | 70 ਸੈਂ.ਮੀ. |
| - 4 ਸੈਂ.ਮੀ. | - 15 ਸੈਂ.ਮੀ. | - 16 ਸੈਂ.ਮੀ. | - 35 ਸੈਂ.ਮੀ. |
| | | | |

| | | | |
|---|---|---|---|
| 41 ਸੈਂ.ਮੀ. | 42 ਸੈਂ.ਮੀ. | 60 ਸੈਂ.ਮੀ. | 95 ਸੈਂ.ਮੀ. |
| - 25 ਸੈਂ.ਮੀ. | - 30 ਸੈਂ.ਮੀ. | - 28 ਸੈਂ.ਮੀ. | - 40 ਸੈਂ.ਮੀ. |
| | | | |

3. ਸਕੂਲ ਵਿੱਚ ਲੜਕੀਆਂ ਨੂੰ ਵਰਦੀ ਲਈ ਕੱਪੜਾ ਦਿੱਤਾ ਜਾਣਾ ਹੈ । ਸਿਮਰਨ ਨੂੰ ਕਮੀਜ਼ ਲਈ 2 ਮੀਟਰ ਅਤੇ ਸਲਵਾਰ ਲਈ 3 ਮੀਟਰ ਕੱਪੜਾ ਚਾਹੀਦਾ ਹੈ ।ਦੱਸੋ ਸਿਮਰਨ ਨੂੰ ਵਰਦੀ ਲਈ ਕਿੰਨੇ ਮੀਟਰ ਕੱਪੜਾ ਚਾਹੀਦਾ ਹੈ ?
4. ਸਤਵੀਰ ਸਿੰਘ ਦਾ ਸਕੂਲ ਉਸ ਦੇ ਘਰ ਤੋਂ 175 ਮੀਟਰ ਦੀ ਦੂਰੀ 'ਤੇ ਹੈ, ਉਸ ਦੁਆਰਾ ਇੱਕ ਦਿਨ ਵਿੱਚ ਘਰ ਤੋਂ ਸਕੂਲ ਆਉਣ ਅਤੇ ਸਕੂਲ ਤੋਂ ਘਰ ਜਾਣ ਵਿੱਚ ਕੁੱਲ ਕਿੰਨੀ ਦੂਰੀ ਤੈਅ ਕੀਤੀ?
5. ਸਰੋਜ ਨੇ ਇੱਕ ਫੁੱਲ ਬਣਾਉਣ ਲਈ 75 ਸੈਂ.ਮੀ. ਲਾਲ ਰਿਬਨ ਅਤੇ 60 ਸੈਂ.ਮੀ. ਹਰੇ ਰੰਗ ਦਾ ਰਿਬਨ ਵਰਤਿਆ। ਫੁੱਲ ਬਣਾਉਣ ਲਈ ਸਰੋਜ ਵੱਲੋਂ ਕਿੰਨੇ ਸੈਂ.ਮੀ. ਰਿਬਨ ਦੀ ਵਰਤੋਂ ਕੀਤੀ?

# ਭਾਰ

## ਕੀ ਤੁਹਾਨੂੰ ਯਾਦ ਹੈ?

1) ਤੁਹਾਡੇ ਇੱਕ ਹੱਥ ਵਿੱਚ ਜੁਮੈਟਰੀ ਬਾਕਸ ਹੈ ਅਤੇ ਦੂਜੇ ਹੱਥ ਵਿੱਚ ਪੈਨਸਿਲ ਹੈ। ਕਿਹੜੀ ਚੀਜ਼ ਭਾਰੀ ਲੱਗੇਗੀ ? ...................

2) ਤੁਹਾਡੇ ਇੱਕ ਹੱਥ ਵਿੱਚ ਪਪੀਤਾ ਹੈ ਅਤੇ ਦੂਜੇ ਹੱਥ ਵਿੱਚ ਬੇਰ ਹੈ। ਕਿਹੜੀ ਵਸਤੂ ਭਾਰੀ ਲੱਗੇਗੀ ? ...................

3) ਇੱਕ ਟੋਕਰੀ ਵਿੱਚ 20 ਅੰਬ ਹਨ ਅਤੇ ਦੂਜੀ ਟੋਕਰੀ ਵਿੱਚ 20 ਬੇਰ ਹਨ । ਕਿਹੜੀ ਟੋਕਰੀ ਦਾ ਭਾਰ ਜ਼ਿਆਦਾ ਹੋਵੇਗਾ ?



## ਆਓ ਸਿੱਖੀਏ

## ਰੋਜ਼ਾਨਾ ਜ਼ਿੰਦਗੀ ਵਿੱਚ



ਪਿਆਰੇ ਬੱਚਿਓ, ਜੇਕਰ ਸਬਜ਼ੀ ਵਿੱਚ ਨਮਕ ਘੱਟ ਹੋਵੇ ਤਾਂ ਤੁਹਾਨੂੰ ਸਬਜ਼ੀ ਸਵਾਦ ਲੱਗੇਗੀ ?



ਨਹੀਂ ਜੀ!

ਹਾਂ ਜੀ ਬੱਚਿਓ, ਜੇ ਵਸਤੂਆਂ ਦੀ ਮਾਤਰਾ ਸਹੀ ਨਹੀਂ ਹੋਵੇਗੀ ਤਾਂ ਕੋਈ ਚੀਜ਼ ਸਵਾਦ ਨਹੀਂ ਬਣੇਗੀ ।



ਹਰ ਵਸਤੂ ਦੀ ਸਹੀ ਮਾਤਰਾ
ਪਾਓ ਮਾਪ-ਮਾਪ ਕੇ ਪੂਰੀ
ਤਾਂ ਹੀ ਵਸਤ ਸਵਾਦ ਬਣੇਗੀ
ਕੀ ਸਬਜ਼ੀ ! ਕੀ ਖੀਰ ! ਕੀ ਪੂਰੀ !




## ਵਸਤੂ ਦੇ ਭਾਰ ਅਨੁਸਾਰ ਸੂਈ ਦੀ ਸਥਿਤੀ ਦਰਸਾਉਣਾ :



## ਪ੍ਰਯੋਗੀ ਕਿਰਿਆ

**ਉਦੇਸ਼** : ਭਾਰ ਤੋਲਣ ਲਈ ਤੱਕੜੀ ਬਣਾਉਣਾ ਸਿਖਾਉਣਾ।

**ਸਮੱਗਰੀ** : ਦੋ ਪਲਾਸਟਿਕ ਦੇ ਇੱਕੋ ਜਿਹੇ ਢੱਕਣ, ਡੋਰੀ ਅਤੇ ਸੋਟੀ।

**ਵਿਧੀ** : ਅਧਿਆਪਕ ਦੀ ਮਦਦ ਨਾਲ ਢੱਕਣਾਂ ਵਿੱਚ ਸੁਰਾਖ ਕਰ ਲਵੋ।



ਦੋਹਾਂ ਢੱਕਣਾਂ ਵਿੱਚ ਡੋਰੀ ਪਰੋ ਕੇ ਉਨ੍ਹਾਂ ਨੂੰ ਸੋਟੀ ਦੇ ਦੋਵੇਂ ਸਿਰਿਆਂ 'ਤੇ ਬੰਨ ਦਿਓ।



ਡੋਰੀ ਦਾ ਕੁੱਝ ਹਿੱਸਾ ਸੋਟੀ ਦੇ ਵਿਚਕਾਰ ਬੰਨੋ। ਤੁਹਾਡੀ ਤੱਕੜੀ ਤਿਆਰ ਹੈ।





## ਆਓ ਕਰੀਏ

1. ਵਸਤੂਆਂ ਦੇ ਭਾਰ ਅਨੁਸਾਰ ਸੂਈ ਦੀ ਸਥਿਤੀ ਦਰਸਾਓ :










2. ਭਾਰਾ, ਹਲਕਾ ਜਾਂ ਬਰਾਬਰ ਪਤਾ ਕਰੋ :





(a) ਗੋਭੀ ਦਾ ਫੁੱਲ, ਸੇਬ ਤੋਂ............ਹੈ। (b) ਦੋਵੇਂ ਕਿਨੂੰਆਂ ਦਾ ਭਾਰ............ਹੈ।





(c) ਖਰਬੂਜਾ, ਤਰਬੂਜ ਤੋਂ............ਹੈ। (d) ਕਿਤਾਬ, ਜੁਮੈਟਰੀ ਬਾਕਸ ਤੋਂ............ਹੈ।

3. ਹੇਠਾਂ ਦਿੱਤੀਆਂ ਵਸਤੂਆਂ ਨੂੰ ਉਨ੍ਹਾਂ ਦੇ ਭਾਰ ਦੇ ਆਧਾਰ ਤੇ ਹਲਕੇ ਤੋਂ ਭਾਰੇ ਕ੍ਰਮ 1 ਤੋਂ 5 ਵਿ
ਲਿਖੋ :




| | | | | |
|---|---|---|---|---|
| | | | 1 | |

4. ਇੱਕ ਇੱਟ ਦਾ ਭਾਰ 3 ਕਿਲੋਗ੍ਰਾਮ ਹੈ, ਹੇਠਾਂ ਦਿੱਤੀਆਂ ਵਸਤੂਆਂ ਵਿੱਚੋਂ ਇੱਟ ਤੋਂ ਭਾਰੀ ਅਤੇ ਹਲਕੀਆਂ ਵਸਤੂਆਂ ਚੁਣੋ ਅਤੇ ਹੇਠਾਂ ਦਿੱਤੀ ਸਾਰਣੀ ਵਿੱਚ ਲਿਖੋ :






| ਇੱਟ ਤੋਂ ਭਾਰੀ ਵਸਤੂਆਂ ਦੇ ਨਾਂ ਲਿਖੋ | ਇੱਟ ਤੋਂ ਹਲਕੀਆਂ ਵਸਤੂਆਂ ਦੇ ਨਾਂ ਲਿਖੋ |
|---|---|
| 1. ਕੁਰਸੀ | 1. ਥਾਲੀ |
| 2. | 2. |
| 3. | 3. |
| 4. | 4. |
| 5. | 5. |

## ਗਤੀਵਿਧੀ




ਬੱਚਿਓ, ਆਪਣੇ-2 ਘਰ ਤੋਂ ਕੁੱਝ ਅਜਿਹੇ ਵਸਤੂਆਂ ਦੇ ਖਾਲੀ ਪੈਕਟ ਲੈ ਕੇ ਉਨ੍ਹਾਂ ਉੱਤੇ ਲਿਖੇ ਭਾਰ ਨੋਟ ਕਰੋ ਅਤੇ ਉਨ੍ਹਾਂ ਨੂੰ ਕੱਟ ਕੇ ਹੇਠਾਂ ਚਿਪਕਾਓ :

| ਵਸਤੂ ਦਾ ਨਾਮ | ਭਾਰ | ਚਿਪਕਾਉਣ ਲਈ ਥਾਂ |
|---|---|---|
| | | |

## ਆਓ ਸਿੱਖੀਏ

1. ਭਾਰ ਦੀ ਇਕਾਈਆਂ ਦਾ ਜੋੜ – ਘਟਾਓ :

| | | | |
|---|---|---|---|
| | | 4 10 | |
| 7 6 ਕਿ. ਗ੍ਰਾਮ | 2 8 ਕਿ. ਗ੍ਰਾਮ | ~~5~~ ~~0~~ ਕਿ. ਗ੍ਰਾਮ | 8 0 ਕਿ. ਗ੍ਰਾਮ |
| + 5 4 ਕਿ. ਗ੍ਰਾਮ | + 7 4 ਕਿ. ਗ੍ਰਾਮ | - 2 6 ਕਿ. ਗ੍ਰਾਮ | - 3 7 ਕਿ. ਗ੍ਰਾਮ |
| 130 ਕਿ. ਗ੍ਰਾਮ | 102 ਕਿ. ਗ੍ਰਾਮ | 2 4 ਕਿ. ਗ੍ਰਾਮ | 4 3 ਕਿ. ਗ੍ਰਾਮ |

2. ਰਮਨ ਦਾ ਭਾਰ 30 ਕਿਲੋਗ੍ਰਾਮ ਹੈ। ਜੋਤ ਦਾ ਭਾਰ 25 ਕਿਲੋਗ੍ਰਾਮ ਹੈ। ਕਿਸ ਦਾ ਭਾਰ ਵੱਧ ਹੈ ਅਤੇ ਕਿੰਨਾ?

ਰਮਨ ਦਾ ਭਾਰ = 30 ਕਿਲੋਗ੍ਰਾਮ
ਜੋਤ ਦਾ ਭਾਰ = 25 ਕਿਲੋਗ੍ਰਾਮ

ਵੱਧ ਭਾਰ = 30 ਕਿਲੋਗ੍ਰਾਮ
— 25 ਕਿਲੋਗ੍ਰਾਮ
5 ਕਿਲੋਗ੍ਰਾਮ

ਰਮਨ ਦਾ ਭਾਰ ਵੱਧ ਹੈ ਅਤੇ ਜੋਤ ਦੇ ਭਾਰ ਤੋਂ 5 ਕਿਲੋਗ੍ਰਾਮ ਵੱਧ ਹੈ।

**ਆਓ ਕਰੀਏ** 

1. ਜੋੜ ਕਰੋ :

| | | | |
|---|---|---|---|
| 8 2 ਕਿ. ਗ੍ਰਾਮ | 5 0 ਕਿ. ਗ੍ਰਾਮ | 4 8 ਕਿ. ਗ੍ਰਾਮ | 8 5 ਕਿ. ਗ੍ਰਾਮ |
| + 6 5 ਕਿ. ਗ੍ਰਾਮ | + 9 4 ਕਿ. ਗ੍ਰਾਮ | + 7 5 ਕਿ. ਗ੍ਰਾਮ | + 5 5 ਕਿ. ਗ੍ਰਾਮ |
| | | | |

2. ਘਟਾਓ ਕਰੋ :

| | | | |
|---|---|---|---|
| 8 7 ਕਿ. ਗ੍ਰਾਮ | 7 1 ਕਿ. ਗ੍ਰਾਮ | 9 0 ਕਿ. ਗ੍ਰਾਮ | 4 2 ਕਿ. ਗ੍ਰਾਮ |
| - 5 0 ਕਿ. ਗ੍ਰਾਮ | - 5 1 ਕਿ. ਗ੍ਰਾਮ | - 7 6 ਕਿ. ਗ੍ਰਾਮ | - 2 5 ਕਿ. ਗ੍ਰਾਮ |
| | | | |

3. ਅਮਰੀਕ ਸਿੰਘ ਨੇ ਇੱਕ ਦੁਕਾਨ ਤੋਂ 25 ਕਿਲੋਗ੍ਰਾਮ ਆਟਾ ਅਤੇ 8 ਕਿਲੋਗ੍ਰਾਮ ਖੰਡ ਖਰੀਦੀ, ਦੱਸੋ ਉਸ ਨੇ ਕਿੰਨੇ ਕਿਲੋਗ੍ਰਾਮ ਰਾਸ਼ਨ ਖਰੀਦਿਆ?

4. ਸ਼ੰਕਰ ਸਬਜ਼ੀ ਵਾਲੇ ਨੇ ਸਬਜ਼ੀ ਮੰਡੀ ਵਿੱਚੋਂ 90 ਕਿੱਲੋਗ੍ਰਾਮ ਆਲੂ ਖਰੀਦੇ। ਉਸਨੇ 42 ਕਿਲੋਗ੍ਰਾਮ ਆਲੂ ਵੇਚ ਦਿੱਤੇ। ਦੱਸੋ ਉਸ ਕੋਲ ਕਿੰਨੇ ਆਲੂ ਬਚ ਗਏ?

5. ਇੱਕ ਸਰਕਾਰੀ ਸਕੂਲ ਵਿੱਚ ਮਹੀਨੇ ਦੌਰਾਨ ਬਣੇ ਮਿਡ–ਡੇ–ਮੀਲ ਵਿੱਚ 103 ਕਿਲੋਗ੍ਰਾਮ ਕਣਕ ਤੇ 98 ਕਿਲੋਗ੍ਰਾਮ ਚਾਵਲ ਦੀ ਵਰਤੋਂ ਹੋਈ । ਸਕੂਲ ਵਿੱਚ ਮਹੀਨੇ ਦੌਰਾਨ ਕਿੰਨੇ ਅਨਾਜ ਦੀ ਵਰਤੋਂ ਹੋਈ ?

# ਸਮਰੱਥਾ

## ਕੀ ਤੁਹਾਨੂੰ ਯਾਦ ਹੈ?

ਇੱਕ ਬੋਤਲ ਦੀ ਧਾਰਨ ਸਮਰੱਥਾ 3 ਗਲਾਸ ਪਾਣੀ ਦੇ ਬਰਾਬਰ ਹੈ ਤਾਂ :

(a) ਦੋ ਬੋਤਲਾਂ ਦੀ ਧਾਰਨ ਸਮਰੱਥਾ ..................ਗਲਾਸ ਪਾਣੀ ਦੇ ਬਰਾਬਰ ਹੋਵੇਗੀ।

(b) ਤਿੰਨ ਬੋਤਲਾਂ ਦੀ ਧਾਰਨ ਸਮਰੱਥਾ ....................ਗਲਾਸ ਪਾਣੀ ਦੇ ਬਰਾਬਰ ਹੈ।

(c) ਚਾਰ ਬੋਤਲਾਂ ਦੀ ਧਾਰਨ ਸਮਰੱਥਾ .....................ਗਲਾਸ ਪਾਣੀ ਦੇ ਬਰਾਬਰ ਹੈ।

(d) ਪੰਜ ਬੋਤਲਾਂ ਦੀ ਧਾਰਨ ਸਮਰੱਥਾ .....................ਗਲਾਸ ਪਾਣੀ ਦੇ ਬਰਾਬਰ ਹੈ।

(e) ਛੇ ਬੋਤਲਾਂ ਦੀ ਧਾਰਨ ਸਮਰੱਥਾ .....................ਗਲਾਸ ਪਾਣੀ ਦੇ ਬਰਾਬਰ ਹੈ।

## ਗਤੀਵਿਧੀ

ਪਾਣੀ ਨੂੰ ਵੱਖ-ਵੱਖ ਅਕਾਰਾਂ ਦੇ ਬਰਤਨਾਂ ਵਿੱਚ ਪਾ ਕੇ ਦੇਖੋ!

ਤੁਸੀਂ ਦੇਖੋਗੇ! ਕਿ ਉਹ ਉਸੇ ਬਰਤਨ ਦਾ ਅਕਾਰ ਲੈ ਲਵੇਗਾ।










## ਆਓ ਸਿੱਖੀਏ



ਬੱਚਿਓ, ਰਮਨ ਨੇ ਇਸ ਜੱਗ ਨੂੰ 6 ਗਲਾਸ ਪਾਣੀ ਨਾਲ ਭਰਿਆ।





ਰਮਨ

ਇਸ ਜੱਗ ਵਿੱਚ ਇੱਕੋ ਤਰ੍ਹਾਂ ਦੇ 6 ਗਲਾਸ ਪਾਣੀ ਸਮਾ ਸਕਦਾ ਹੈ ਭਾਵ ਜੱਗ ਦੀ ਸਮਰੱਥਾ 6 ਗਲਾਸਾਂ ਦੀ ਸਮਰੱਥਾ ਦੇ ਬਰਾਬਰ ਹੈ।



ਪਰ ਇਹ ਕੀ ! ! !
ਮੀਨੂੰ ਨੇ ਤਾਂ 4 ਗਲਾਸ ਪਾਣੀ ਨਾਲ ਹੀ ਉਹੀ ਜੱਗ ਭਰ ਦਿੱਤਾ!





ਮੀਨੂ



ਬੱਚਿਓ, ਕੀ ਤੁਸੀਂ ਦੱਸ ਸਕਦੇ ਹੋ ਕਿ ਅਜਿਹਾ ਕਿਉਂ ਹੋਇਆ ?



ਅਜਿਹਾ ਤਾਂ ਹੋਇਆ ਕਿਉਂਕਿ ਮੀਨੂੰ ਦਾ ਗਲਾਸ ਵੱਡਾ ਹੈ।

ਬਿਲਕੁਲ ਠੀਕ,
ਮੀਨੂੰ ਦੇ ਗਲਾਸ ਦਾ ਅਕਾਰ ਰਮਨ ਦੇ ਗਲਾਸ ਤੋਂ ਵੱਡਾ ਹੈ।



ਬੱਚਿਓ ਤੁਸੀਂ ਦੇਖਿਆ ਹੋਣਾ ਕਿ ਦੋਧੀ ਦੁੱਧ ਮਾਪਣ ਲਈ ਕੋਈ ਆਮ ਬਰਤਨ ਦੀ ਵਰਤੋਂ ਨਹੀਂ ਕਰਦਾ। ਉਸ ਕੋਲ ਇੱਕ ਮਾਪਕ ਹੁੰਦਾ ਹੈ ਜੋ ਆਮ ਤੌਰ 'ਤੇ ਇੱਕ ਲਿਟਰ ਦਾ ਬਣਿਆ ਹੁੰਦਾ ਹੈ। ਇਸ ਨਾਲ ਉਹ ਦੁੱਧ ਦੀ ਸਹੀ ਮਾਤਰਾ ਮਾਪਦਾ ਹੈ।







**ਆਓ ਕਰੀਏ**

## ਹੇਠ ਦਿੱਤੀਆਂ ਵਸਤੂਆਂ ਨੂੰ ਉਹਨਾਂ ਦੀ ਸਮਰੱਥਾ ਦੇ ਆਧਾਰ 'ਤੇ ਘੱਟ ਤੋਂ ਵੱਧ ਕ੍ਰਮ ਵਿੱਚ 1 ਤੋਂ 5 ਲਿਖੋ –








ਇਸ ਮੱਗ ਵਿੱਚ ਇੱਕ ਲਿਟਰ ਪਾਣੀ ਆਉਂਦਾ ਹੈ, ਹੇਠਾਂ ਦਿੱਤੀਆਂ ਵਸਤੂਆਂ ਵਿੱਚੋਂ ਮੱਗ ਤੋਂ ਵੱਧ ਅਤੇ ਘੱਟ ਸਮਰੱਥਾ ਵਾਲੀਆਂ ਵਸਤੂਆਂ ਚੁਣੋ :















| ਮੱਗ ਤੋਂ ਵੱਧ ਸਮਰੱਥਾ ਵਾਲੀਆਂ ਵਸਤੂਆਂ ਦੇ ਨਾਮ | ਮੱਗ ਤੋਂ ਘੱਟ ਸਮਰੱਥਾ ਵਾਲੀਆਂ ਵਸਤੂਆਂ ਦੇ ਨਾਮ |
|---|---|
| 1. ਜੱਗ | 1. ਚਮਚ |
| 2. | 2. |
| 3. | 3. |
| 4. | 4. |
| 5. | 5. |
| 6. | 6. |

## ਵੱਧ, ਘੱਟ ਅਤੇ ਬਰਾਬਰ ਪਤਾ ਕਰੋ :




ਇੱਕ ਲਿਟਰ ਤੋਂ ਵੱਧ ਹੈ  ਇੱਕ ਲਿਟਰ ———  ਦੋ ਲਿਟਰ ———  ਤਿੰਨ ਲਿਟਰ ———  ਦੋ ਲਿਟਰ ———

## ਹੇਠਾਂ ਦਿੱਤੇ ਮਾਪਕਾਂ ਵਿੱਚ ਦਿੱਤੀ ਗਈ ਮਾਤਰਾ ਅਨੁਸਾਰ ਰੰਗ ਭਰੋ :




ਇੱਕ ਲਿਟਰ ਤੋਂ ਘੱਟ  ਤਿੰਨ ਲਿਟਰ ਤੋਂ ਘੱਟ  ਚਾਰ ਲਿਟਰ ਦੇ ਬਰਾਬਰ  ਦੋ ਲਿਟਰ ਤੋਂ ਵੱਧ  ਇੱਕ ਲਿਟਰ ਤੋਂ ਵੱਧ

5.  ਗਲਾਸ ਦੀ ਮਦਦ ਨਾਲ ਕੁੱਝ ਬਰਤਨ ਲੈ ਕੇ ਪਤਾ ਕਰੋ ਕਿ ਉਨ੍ਹਾਂ ਦੀ ਸਮਾਈ ਕਿੰਨੇ ਗਲਾਸ ਦੇ ਬਰਾਬਰ ਹੈ :

| ਵਸਤੂਆਂ | ਅਨੁਮਾਨ ਅਨੁਸਾਰ  ਗਿਣਤੀ | ਅਸਲ ਵਿੱਚ  ਗਿਣਤੀ |
|---|---|---|
| **1.** ਜੱਗ | | |
| **2.** ਮੱਗ | | |
| **3.** ਬਾਲਟੀ | | |
| **4.** ਟੱਬ | | |

5. ਉਪਰੋਕਤ ਬਰਤਨਾਂ ਦੀ ਸਮਾਈ  ਅਤੇ  ਦੀ ਸਹਾਇਤਾ ਨਾਲ ਵੀ ਪਤਾ ਕਰੋ।



## ਆਓ ਸਿੱਖੀਏ

1. ਆਇਤਨ ਦੀ ਇਕਾਈਆਂ ਦਾ ਜੋੜ, ਘਟਾਓ :

| | | | |
|---|---|---|---|
| 4 9 ਲਿ. | 9 4 ਲਿ. | (4 13) ~~5~~ ~~3~~ ਲਿ. | (4 10) ~~5~~ ~~0~~ ਲਿ. |
| + 7 2 ਲਿ. | + 2 6 ਲਿ. | – 2 6 ਲਿ. | – 1 6 ਲਿ. |
| 12 1 ਲਿ. | 12 0 ਲਿ. | 2 7 ਲਿ. | 3 4 ਲਿ. |

2. ਹਰਜੋਤ ਦੇ ਘਰ 500 ਲਿਟਰ ਦੀ ਟੈਂਕੀ ਹੈ। ਉਸਦੇ ਪਿਤਾ ਜੀ ਨੇ ਸਵੇਰੇ ਮੋਟਰ ਚਲਾ ਕੇ ਟੈਂਕੀ ਭਰੀ ਸੀ। ਸਾਰੇ ਦਿਨ ਵਿੱਚ 350 ਲਿਟਰ ਪਾਣੀ ਵਰਤਿਆ ਗਿਆ । ਹੁਣ ਟੈਂਕੀ ਵਿੱਚ ਕਿੰਨੇ ਲਿਟਰ ਪਾਣੀ ਹੋਵੇਗਾ ?

<u>ਹੱਲ :</u>

ਟੈਂਕੀ ਵਿੱਚ ਪਾਣੀ = 500 ਲਿਟਰ

ਵਰਤਿਆ ਪਾਣੀ = 350 ਲਿਟਰ

ਟੈਂਕੀ ਵਿੱਚ ਬਾਕੀ ਪਾਣੀ = 500 ਲਿਟਰ
−350 ਲਿਟਰ
150 ਲਿਟਰ

ਇਸ ਲਈ, ਟੈਂਕੀ ਵਿੱਚ ਹੁਣ 150 ਲਿਟਰ ਪਾਣੀ ਹੈ।



## ਆਓ ਕਰੀਏ

1. ਜੋੜ ਕਰੋ :

| | | | |
|---|---|---|---|
| 5 9 ਲਿ. | 3 6 ਲਿ. | 4 0 ਲਿ. | 8 4 ਲਿ. |
| + 9 1 ਲਿ. | + 9 0 ਲਿ. | + 2 5 ਲਿ. | + 5 6 ਲਿ. |
| ______ | ______ | ______ | ______ |

2. ਘਟਾਓ ਕਰੋ :

| | | | |
|---|---|---|---|
| 4 9 ਲਿ. | 5 8 ਲਿ. | 2 0 ਲਿ. | 7 8 ਲ. |
| - 2 5 ਲਿ. | - 1 0 ਲਿ. | - 1 3 ਲਿ. | - 4 9 ਲਿ. |
| ______ | ______ | ______ | ______ |

3. ਸ੍ਰੀਮਤੀ ਦੇਵਕੀ ਰਾਣੀ ਨੇ ਆਪਣੇ ਘਰ ਲਈ 5 ਲਿਟਰ ਰਿਫਾਇੰਡ ਤੇਲ ਤੇ 2 ਲਿਟਰ ਸਰੋਂ ਦਾ ਤੇਲ ਖਰੀਦਿਆ। ਉਸ ਨੇ ਕਿੰਨੇ ਲਿਟਰ ਤੇਲ ਖਰੀਦਿਆ ?

4. ਇੱਕ ਪਰਿਵਾਰ ਵੱਲੋਂ ਇੱਕ ਦਿਨ ਵਿੱਚ 375 ਲਿਟਰ ਪਾਣੀ ਦੀ ਵਰਤੋਂ ਕੀਤੀ ਗਈ। ਜੇ ਟੈਂਕੀ ਵਿੱਚ 500 ਲਿਟਰ ਪਾਣੀ ਸੀ ਤਾਂ ਹੁਣ ਟੈਂਕੀ ਵਿੱਚ ਕਿੰਨੇ ਲਿਟਰ ਪਾਣੀ ਹੈ?

## ਵਰਕਸ਼ੀਟ

### ਠੀਕ ਉੱਤਰ ਚੁਣ ਕੇ (✓) ਦਾ ਨਿਸ਼ਾਨ ਲਗਾਓ

1. 1 ਮੀਟਰ ਵਿੱਚ ਕਿੰਨੇ ਸੈਂਟੀਮੀਟਰ ਹੁੰਦੇ ਹਨ ?

   (a) 10 ਸੈਂ.ਮੀ. (b) 100 ਸੈਂ.ਮੀ. (c) 1000 ਸੈਂ.ਮੀ.(d) 10,000 ਸੈਂ.ਮੀ.

2. 4 ਮੀਟਰ ਵਿੱਚ ਕਿੰਨੇ ਸੈਂਟੀਮੀਟਰ ਹੁੰਦੇ ਹਨ ?

   (a) 300 ਸੈਂ.ਮੀ. (b) 4000 ਸੈਂ.ਮੀ. (c) 400 ਸੈਂ.ਮੀ.(d) 40 ਸੈਂ.ਮੀ.

3. ਪੈਨਸਿਲ ਦੀ ਲੰਬਾਈ 18 ਸੈਂਟੀਮੀਟਰ ਹੈ ਅਤੇ ਚਾਕ ਦੀ ਲੰਬਾਈ 6 ਸੈਂਟੀਮੀਟਰ ਹੈ । ਪੈਨਸਿਲ ਦੀ ਲੰਬਾਈ, ਚਾਕ ਦੀ ਲੰਬਾਈ ਤੋਂ ਕਿੰਨੇ ਸੈਂਟੀਮੀਟਰ ਵੱਧ ਹੈ ?

   (a) 18 ਸੈਂ.ਮੀ. (b) 16 ਸੈਂ.ਮੀ. (c) 12 ਸੈਂ.ਮੀ. (d) 14 ਸੈਂ.ਮੀ.

4. ਪੈੱਨ ਦੀ ਲੰਬਾਈ 12 ਸੈਂਟੀਮੀਟਰ ਹੈ । ਸ਼ਾਪਨਰ ਦੀ ਲੰਬਾਈ 2 ਸੈਂਟੀਮੀਟਰ ਹੈ । ਪੈੱਨ ਸ਼ਾਪਨਰ ਤੋਂ ਕਿੰਨੇ ਸੈਂਟੀਮੀਟਰ ਵੱਧ ਹੈ?

   (a) 8 ਸੈਂ.ਮੀ. (b) 6 ਸੈਂ.ਮੀ. (c) 9 ਸੈਂ.ਮੀ.(d) 10 ਸੈਂ.ਮੀ.

5. ਰਮਨ ਦੇ ਮਾਤਾ ਜੀ ਨੇ ਸਬਜ਼ੀ ਵਾਲੇ ਤੋਂ 5 ਕਿ. ਗ੍ਰਾ. ਆਲੂ ਅਤੇ 4 ਕਿ.ਗ੍ਰਾਮ ਪਿਆਜ ਖ੍ਰੀਦੇ। ਉਸ ਨੇ ਕੁੱਲ ਕਿੰਨੇ ਕਿਲੋਗ੍ਰਾਮ ਸਬਜ਼ੀ ਖ੍ਰੀਦੀ ?

   (a) 7 ਕਿ.ਗ੍ਰਾ. (b) 9 ਕਿ.ਗ੍ਰਾ. (c) 12 ਕਿ.ਗ੍ਰਾ. (d) 8 ਕਿ.ਗ੍ਰਾ.

6. ਇੱਕ ਹਲਵਾਈ ਇੱਕ ਦਿਨ ਵਿੱਚ 20 ਕਿਲੋਗ੍ਰਾਮ ਲੱਡੂ ਬਣਾਉਂਦਾ ਹੈ । ਉਹ 10 ਕਿਲੋਗ੍ਰਾਮ ਲੱਡੂ ਵੇਚ ਦਿੰਦਾ ਹੈ । ਉਸ ਕੋਲ ਬਾਕੀ ਕਿੰਨੇ ਕਿਲੋਗ੍ਰਾਮ ਲੱਡੂ ਹਨ ?

   (a) 5 ਕਿ.ਗ੍ਰਾ. (b) 10 ਕਿ.ਗ੍ਰਾ. (c) 20 ਕਿ.ਗ੍ਰਾ. (d) 25 ਕਿ.ਗ੍ਰਾ.

8. ਇੱਕ ਬਰਤਨ ਵਿੱਚ 10 ਲਿਟਰ ਦੁੱਧ ਹੈ ਅਤੇ ਦੂਸਰੇ ਬਰਤਨ ਵਿੱਚ 15 ਲਿਟਰ ਦੁੱਧ ਹੈ । ਦੱਸੋ ਦੋਵਾਂ ਬਰਤਨਾਂ ਵਿੱਚ ਕਿੰਨੇ ਲਿਟਰ ਦੁੱਧ ਹੈ ?

## ਯਾਦ ਰੱਖਣ ਯੋਗ ਗੱਲਾਂ

- 1 ਮੀਟਰ = 100 ਸੈਂਟੀਮੀਟਰ
- ਅਸੀਂ ਛੋਟੀਆਂ ਵਸਤੂਆਂ ਦੀ ਲੰਬਾਈ ਸੈਂਟੀਮੀਟਰਾਂ ਵਿੱਚ ਮਾਪਦੇ ਹਾਂ ।
- 1 ਕਿਲੋਗ੍ਰਾਮ = 1000 ਗ੍ਰਾਮ
- ਤਰਲ ਵਸਤੂਆਂ ਜਿਵੇਂ ਕਿ ਪਾਣੀ ਜਾਂ ਦੁੱਧ ਆਦਿ ਨੂੰ ਅਸੀਂ ਲਿਟਰਾਂ ਵਿੱਚ ਮਾਪਦੇ ਹਾਂ।

## ਅਸੀਂ ਜੋ ਸਿੱਖਿਆ

ਮਾਪ

ਲੰਬਾਈ | ਭਾਰ | ਸਮਰੱਥਾ

↓

ਮਿਆਰੀ ਇਕਾਈਆਂ ਦੀ ਸਮਝ

↓

ਮਿਆਰੀ ਇਕਾਈਆਂ ਦੀ ਵਰਤੋਂ ਨਾਲ ਜੋੜ-ਘਟਾਓ ਦੇ ਸਵਾਲਾਂ ਦੀ ਸਮਝ

↓

ਰੋਜ਼ਾਨਾ ਜਿੰਦਗੀ ਵਿੱਚ ਮਿਆਰੀ ਇਕਾਈਆਂ ਦੀ ਵਰਤੋਂ

# 9 ਸਮਾਂ

## ਉਦੇਸ਼

- ਸਮੇਂ ਦੀਆਂ ਵੱਖਰੀਆਂ– ਵੱਖਰੀਆਂ ਇਕਾਈਆਂ ਬਾਰੇ ਸਮਝ ਪੈਦਾ ਕਰਨੀ।
- ਘੜੀ ਅਤੇ ਕੈਲੰਡਰ ਨੂੰ ਦੇਖਣ ਦੀ ਸਮਝ ਪੈਦਾ ਕਰਨੀ ਤਾਂ ਜੋ ਵਿਦਿਆਰਥੀ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸਮੇਂ ਨੂੰ ਯੋਗ ਤਰੀਕੇ ਨਾਲ ਸਮਝ ਸਕਣ।

## ਕੀ ਤੁਹਾਨੂੰ ਯਾਦ ਹੈ?

(1) ਸੂਰਜ ਕਦੋਂ ਨਿਕਲਦਾ ਹੈ? ______

(2) ਸਾਰੀ ਛੁੱਟੀ ਕਦੋਂ ਹੁੰਦੀ ਹੈ? ______

(3) ਗਰਮੀ ਦੀਆਂ ਛੁੱਟੀਆਂ ਕਿਹੜੇ ਮਹੀਨੇ ਵਿੱਚ ਹੁੰਦੀਆਂ ਹਨ? ______

(4) ਹਫ਼ਤੇ ਵਿੱਚ ਕਿੰਨੇ ਦਿਨ ਹੁੰਦੇ ਹਨ? ______

## ਕੈਲੰਡਰ

- ਕੈਲੰਡਰ ਇੱਕ ਚਾਰਟ ਹੁੰਦਾ ਹੈ, ਜਿਹੜਾ ਸਾਨੂੰ ਦਿਨਾਂ, ਹਫਤਿਆਂ, ਮਹੀਨਿਆਂ ਅਤੇ ਸਾਲਾਂ ਦੀ ਜਾਣਕਾਰੀ ਦਿੰਦਾ ਹੈ।
- ਇੱਕ ਸਾਧਾਰਨ ਸਾਲ ਵਿੱਚ 365 ਦਿਨ ਹੁੰਦੇ ਹਨ।
- ਇੱਕ ਸਾਲ ਵਿੱਚ 12 ਮਹੀਨੇ ਹੁੰਦੇ ਹਨ ।
- ਇੱਕ ਸਾਲ ਵਿੱਚ 52 ਹਫ਼ਤੇ ਹੁੰਦੇ ਹਨ ।
- ਸਾਲ ਦਾ ਪਹਿਲਾ ਮਹੀਨਾ ਜਨਵਰੀ ਅਤੇ ਬਾਰਵਾਂ ਮਹੀਨਾ ਦਸੰਬਰ ਹੁੰਦਾ ਹੈ।

- 4 ਨਾਲ ਭਾਗ ਹੋਣ ਵਾਲਾ ਸਾਲ ਲੀਪ ਦਾ ਸਾਲ ਹੁੰਦਾ ਹੈ।
- ਲੀਪ ਦੇ ਸਾਲ ਵਿੱਚ, ਫਰਵਰੀ ਮਹੀਨੇ ਵਿੱਚ 29 ਦਿਨ ਹੁੰਦੇ ਹਨ ।
- ਇੱਕ ਹਫ਼ਤੇ ਵਿੱਚ 7 ਦਿਨ ਹੁੰਦੇ ਹਨ।

| | |
|---|---|
| 1 ਸਾਲ | = 365 ਦਿਨ |
| ਲੀਪ ਦਾ ਸਾਲ | = 366 ਦਿਨ |
| 1 ਸਾਲ | = 12 ਮਹੀਨੇ |
| 1 ਹਫ਼ਤਾ | = 7 ਦਿਨ |




| ਅਪ੍ਰੈਲ 2018 | | | | | | |
|---|---|---|---|---|---|---|
| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

(1) ਅਪ੍ਰੈਲ ਮਹੀਨੇ ਵਿੱਚ ਕਿੰਨੇ ਦਿਨ ਹੁੰਦੇ ਹਨ ?

28 ☐ 29 ☐ 30 ☑ 31 ☐

(2) ਦੋ ਅਪ੍ਰੈਲ ਨੂੰ ਕਿਹੜਾ ਦਿਨ ਹੈ ?

ਸੋਮਵਾਰ ☑ ਮੰਗਲਵਾਰ ☐ ਬੁੱਧਵਾਰ ☐ ਵੀਰਵਾਰ ☐

**ਆਓ ਕਰੀਏ**

| ਮਈ 2018 | | | | | | |
|---|---|---|---|---|---|---|
| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

(1) ਮਈ ਮਹੀਨੇ ਵਿਚ ਕਿੰਨੇ ਦਿਨ ਹਨ ?

(ੳ) 28 ☐ (ਅ) 29 ☐ (ੲ) 30 ☐ (ਸ) 31 ☐

(2) 5 ਮਈ ਨੂੰ ਕਿਹੜਾ ਦਿਨ ਹੈ ?

(ੳ) ਸੋਮਵਾਰ ☐ (ਅ) ਮੰਗਲਵਾਰ ☐ (ੲ) ਸ਼ਨੀਵਾਰ ☐ (ਸ) ਸ਼ੁੱਕਰਵਾਰ ☐

(3) 28 ਮਈ ਨੂੰ ਕਿਹੜਾ ਦਿਨ ਹੈ ?

(ੳ) ਐਤਵਾਰ ☐ (ਅ) ਸੋਮਵਾਰ ☐ (ੲ) ਵੀਰਵਾਰ ☐ (ਸ) ਸ਼ਨੀਵਾਰ ☐

(4) ਮਈ ਮਹੀਨੇ ਵਿੱਚ ਪਹਿਲੇ ਐਤਵਾਰ ਨੂੰ ਕਿਹੜੀ ਮਿਤੀ ਹੈ ?

(ੳ) 1 ☐ (ਅ) 2 ☐ (ੲ) 5 ☐ (ਸ) 6 ☐

(5) ਮਈ ਮਹੀਨੇ ਦੇ ਪਹਿਲੇ ਸੋਮਵਾਰ ਕਿਹੜੀ ਮਿਤੀ ਹੈ ?

(ੳ) 1 ☐ (ਅ) 2 ☐ (ੲ) 3 ☐ (ਸ) 7 ☐

(6) 31 ਮਈ ਨੂੰ ਕਿਹੜਾ ਦਿਨ ਹੈ ?

(ੳ) ਐਤਵਾਰ ☐ (ਅ) ਸੋਮਵਾਰ ☐ (ੲ) ਵੀਰਵਾਰ ☐ (ਸ) ਸ਼ਨੀਵਾਰ ☐

# ਕੈਲੰਡਰ - 2018

**ਜਨਵਰੀ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

**ਫਰਵਰੀ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | | | |

**ਮਾਰਚ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

**ਅਪ੍ਰੈਲ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

**ਮਈ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

**ਜੂਨ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

**ਜੁਲਾਈ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

**ਅਗਸਤ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

**ਸਤੰਬਰ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

**ਅਕਤੂਬਰ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

**ਨਵੰਬਰ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

**ਦਸੰਬਰ**

| ਐ | ਸੋ | ਮੰ | ਬੁੱ | ਵੀ | ਸ਼ੁੱ | ਸ਼ਨੀ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

## (1) ਕੈਲੰਡਰ ਦੇਖੋ ਅਤੇ ਸਾਹਮਣੇ ਦਿੱਤੇ ਖਾਨੇ ਵਿੱਚ ਮਿਤੀ ਭਰੋ :

(ੳ) 12 ਜੂਨ ਤੋਂ 3 ਦਿਨ ਬਾਅਦ ____

24 ਮਈ ਤੋਂ 4 ਦਿਨ ਬਾਅਦ ____

29 ਅਪ੍ਰੈਲ ਤੋਂ 2 ਦਿਨ ਬਾਅਦ ____

25 ਜਨਵਰੀ ਤੋਂ 10 ਦਿਨ ਬਾਅਦ ____

(ਅ) 20 ਜੁਲਾਈ ਤੋਂ 5 ਦਿਨ ਪਹਿਲਾਂ ____

12 ਜੂਨ ਤੋਂ 2 ਦਿਨ ਪਹਿਲਾਂ ____

6 ਮਾਰਚ ਤੋਂ 3 ਦਿਨ ਪਹਿਲਾਂ ____

5 ਅਕਤੂਬਰ ਤੋਂ 7 ਦਿਨ ਪਹਿਲਾਂ ____

(2) ਕੈਲੰਡਰ ਦੇਖੋ ਅਤੇ ਖਾਨੇ ਭਰੋ:

(1) ਅਕਤੂਬਰ ਮਹੀਨੇ ਵਿੱਚ ਕਿੰਨੇ ਐਤਵਾਰ ਹਨ ?

(2) 6 ਸਤੰਬਰ ਨੂੰ ਕਿਹੜਾ ਦਿਨ ਹੈ ?

(3) 25 ਅਕਤੂਬਰ ਨੂੰ ਕਿਹੜਾ ਦਿਨ ਹੈ ?

(4) ਤੁਹਾਡਾ ਜਨਮ ਕਿਹੜੇ ਮਹੀਨੇ ਵਿੱਚ ਹੋਇਆ ਹੈ ?

(5) 18 ਮਈ ਨੂੰ ਕਿਹੜਾ ਦਿਨ ਹੈ ?

(6) ਮਈ ਮਹੀਨੇ ਵਿੱਚ ਕਿੰਨੇ ਐਤਵਾਰ ਆਏ ਹਨ ?

(7) ਅਗਸਤ ਮਹੀਨੇ ਵਿਚ ਕਿੰਨੇ ਵੀਰਵਾਰ ਆਏ ਹਨ ?

(8) ਪਹਿਲੀ ਮਈ ਨੂੰ ਕਿਹੜਾ ਦਿਨ ਹੈ ?

(9) ਮਈ ਮਹੀਨੇ ਦਾ ਆਖ਼ਰੀ ਦਿਨ ਕਿਹੜਾ ਹੈ ?

(10) ਫਰਵਰੀ ਮਹੀਨੇ ਵਿੱਚ ਕਿੰਨੇ ਦਿਨ ਹਨ ?

## ਘੜੀ

ਟਿੱਕ-ਟਿੱਕ ਕਰਕੇ ਤੁਰਦੀ ਹੈ,
ਵਾਪਸ ਕਦੇ ਨਾ ਮੁੜਦੀ ਹੈ।
ਛੋਟੀ ਸੂਈ ਘੰਟੇ ਬੋਲੇ,
ਸਭ ਨੂੰ ਪੂਰਾ-ਪੂਰਾ ਤੋਲੇ।
ਵੱਡੀ ਸੂਈ ਵੀ ਕਿਹੜਾ ਘੱਟ,
ਘੰਟੇ ਦੇ ਹਿੱਸੇ ਕਰਦੀ ਸੱਠ।
ਸੈਕਿੰਡ ਚੱਲਣ ਮਟਕਵੀਂ ਤੋਰ,
ਨਾ ਕਿਤੇ ਰੁਕਦੇ ਨਾ ਕੋਈ ਮੋੜ।
ਵਕਤ ਬਰਾਬਰ ਸਭ ਦੇ ਕੋਲ,
ਘੜੀ ਹੈ ਸਾਡੀ ਗੋਲ-ਮਟੋਲ ।





## ਆਓ ਸਿੱਖੀਏ




ਅਧਿਆਪਕ ਜਮਾਤ ਵਿੱਚ ਦੀਵਾਰ ਘੜੀ ਲੈ ਕੇ ਜਾਵੇਗਾ ਅਤੇ ਬੱਚਿਆਂ ਨੂੰ ਘੜੀ ਦੀ ਬਣਤਰ ਬਾਰੇ ਸਮਝਾਵੇਗਾ। ਅਧਿਆਪਕ ਬੱਚਿਆਂ ਨੂੰ ਸੰਬੋਧਨ ਕਰਦਿਆਂ ਘੜੀ ਦੀਆਂ ਮੁੱਢਲੀਆਂ ਗੱਲਾਂ ਬੱਚਿਆਂ ਨਾਲ ਸਾਂਝੀਆਂ ਕਰੇਗਾ।

ਪਿਆਰੇ ਬੱਚਿਓ ! ਇਹ ਜੋ ਦੀਵਾਰ 'ਤੇ ਗੋਲ ਵਸਤੂ ਦਿਖ ਰਹੀ ਹੈ, ਇਸਨੂੰ ਅਸੀਂ ਦੀਵਾਰ ਘੜੀ (Clock) ਆਖਦੇ ਹਾਂ।

ਇਸ ਵਿੱਚ 1 ਤੋਂ ਲੈ ਕੇ 12 ਤੱਕ ਸੰਖਿਆਵਾਂ ਲਿਖੀਆਂ ਹੋਈਆਂ ਹਨ, ਜਿੰਨ੍ਹਾਂ ਦੀ ਮਦਦ ਨਾਲ ਅਸੀਂ ਸੈਕਿੰਡ, ਮਿੰਟ ਅਤੇ ਘੰਟਿਆਂ ਬਾਰੇ ਜਾਣਕਾਰੀ ਹਾਸਿਲ ਕਰਦੇ ਹਾਂ।

ਆਹ ਦੇਖੋ, ਪਿਆਰੇ ਬੱਚਿਓ ! ਦੀਵਾਰ ਘੜੀ ਵਿੱਚ ਤਿੰਨ (ਜਾਂ ਕਈਆਂ ਵਿੱਚ ਦੋ) ਸੂਈਆਂ ਹੁੰਦੀਆਂ ਹਨ।

1. ਘੜੀ ਦੀ ਸਭ ਤੋਂ ਵੱਡੀ ਸੂਈ ਤੇਜੀ ਨਾਲ ਚੱਲਣ ਵਾਲੀ ਸੂਈ, ਸਾਨੂੰ ਸੈਕਿੰਡਾਂ ਬਾਰੇ ਦੱਸਦੀ ਹੈ।
2. ਘੜੀ ਦੀ ਦੂਜੀ ਵੱਡੀ ਸੂਈ ਸਾਨੂੰ ਮਿੰਟਾਂ ਬਾਰੇ ਦੱਸਦੀ ਹੈ।
3. ਘੜੀ ਦੀ ਇੱਕ ਸਭ ਤੋਂ ਛੋਟੀ ਸੂਈ ਹੁੰਦੀ ਹੈ, ਜੋ ਸਭ ਤੋਂ ਹੌਲੀ ਚਲਦੀ ਹੈ। ਇਹ ਸਾਨੂੰ ਘੰਟਿਆਂ ਬਾਰੇ ਜਾਣਕਾਰੀ ਦਿੰਦੀ ਹੈ।

ਇਸ ਤਰ੍ਹਾਂ, ਅਸੀਂ ਘੜੀ ਜਾਂ ਦੀਵਾਰ ਘੜੀ ਤੋਂ ਘੰਟਿਆਂ, ਮਿੰਟਾਂ ਅਤੇ ਸੈਕਿੰਡਾਂ ਬਾਰੇ ਜਾਣਕਾਰੀ ਹਾਸਿਲ ਕਰਦੇ ਹਾਂ। ਸਮੇਂ ਨੂੰ ਜਾਣਦਿਆਂ ਸਾਨੂੰ ਪਤਾ ਲੱਗਦਾ ਹੈ ਕਿ :-

1 ਘੰਟਾ = 60 ਮਿੰਟ

1 ਮਿੰਟ = 60 ਸੈਕਿੰਡ

1 ਦਿਨ = 24 ਘੰਟੇ



## ਆਓ ਕਰੀਏ

(1) ਘੜੀ ਦੀ ਵੱਡੀ ਸੂਈ ਸਾਨੂੰ ਕਿਸ ਬਾਰੇ ਦੱਸਦੀ ਹੈ?

(2) ਘੜੀ ਦੀ ਸਭ ਤੋਂ ਛੋਟੀ ਸੂਈ ਸਾਨੂੰ ਕਿਸ ਬਾਰੇ ਦੱਸਦੀ ਹੈ?

(3) ਘੜੀ ਦੀ ਸਭ ਤੋਂ ਵੱਡੀ ਤੇਜ ਚੱਲਣ ਵਾਲੀ ਸੂਈ ਸਾਨੂੰ ਕਿਸ ਬਾਰੇ ਦੱਸਦੀ ਹੈ?



## ਆਓ ਸਿੱਖੀਏ

### ਘੜੀ 'ਤੇ ਸਮਾਂ ਦੇਖਣਾ




9:00 ਵਜੇ ਹਨ




2:00 ਵਜੇ ਹਨ






8:00 ਵਜੇ ਹਨ




4:00 ਵਜੇ ਹਨ




7:00 ਵਜੇ ਹਨ




11:00 ਵਜੇ ਹਨ



## ਆਓ ਕਰੀਏ

1. ਘੜੀ ਦੇਖੋ ਅਤੇ ਸਮਾਂ ਲਿਖੋ :–











2. ਘੜੀ ਹੇਠਾਂ ਦਿੱਤਾ ਸਮਾਂ ਦੇਖ ਕੇ ਸੂਈਆਂ ਬਣਾਓ :-



7:00 ਵਜੇ ਹਨ | 3:00 ਵਜੇ ਹਨ | 11:00 ਵਜੇ ਹਨ | 6:00 ਵਜੇ ਹਨ



5:00 ਵਜੇ ਹਨ | 8:00 ਵਜੇ ਹਨ | 4:00 ਵਜੇ ਹਨ | 12:00 ਵਜੇ ਹਨ

3. ਵਿਚਕਾਰ ਵਾਲੀ ਘੜੀ ਦੇਖੋ ਅਤੇ ਆਸੇ ਪਾਸੇ ਵਾਲੀਆਂ ਘੜੀਆਂ ਵਿੱਚ ਸਹੀ ਸਮੇਂ ਅਨੁਸਾਰ ਸੂਈਆਂ ਬਣਾਓ :-



4. ਸਮਾਂ ਦੇਖੋ ਅਤੇ ਮਿਲਾਨ ਕਰੋ :-



5.00 ਵਜੇ

2.00 ਵਜੇ

7.00 ਵਜੇ

11.00 ਵਜੇ

10.00 ਵਜੇ

9.00 ਵਜੇ

3.00 ਵਜੇ

# ਵਰਕਸ਼ੀਟ

## 1. ਖਾਲੀ ਥਾਵਾਂ ਭਰੋ :

(a) ਇੱਕ ਸਧਾਰਨ ਸਾਲ ਵਿੱਚ.................................ਦਿਨ ਹੁੰਦੇ ਹਨ।

(b) ਇੱਕ ਸਾਲ ਵਿੱਚ.......................................ਮਹੀਨੇ ਹੁੰਦੇ ਹਨ।

(c) ਇੱਕ ਹਫ਼ਤੇ ਵਿੱਚ..............................ਦਿਨ ਹੁੰਦੇ ਹਨ।

## 2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(a) ਅਪ੍ਰੈਲ ਮਹੀਨੇ ਵਿੱਚ ਕਿੰਨੇ ਦਿਨ ਹੁੰਦੇ ਹਨ?

(b) ਮਈ ਮਹੀਨੇ ਵਿੱਚ ਕਿੰਨੇ ਦਿਨ ਹੁੰਦੇ ਹਨ?

(c) ਤੁਹਾਡਾ ਜਨਮ ਕਿਹੜੇ ਮਹੀਨੇ ਵਿੱਚ ਹੋਇਆ ਹੈ?

## 3. ਘੜੀ ਦੇਖੋ ਅਤੇ ਸਮਾਂ ਲਿਖੋ :



## 4. ਘੜੀ ਹੇਠਾਂ ਦਿੱਤਾ ਸਮਾਂ ਦੇਖ ਕੇ ਸੁਈਆਂ ਬਣਾਓ :



7: 00 | 9: 00 | 5: 00 | 3: 00

## ਯਾਦ ਰੱਖਣ ਯੋਗ ਗੱਲਾਂ

- 12 ਮਹੀਨਿਆਂ ਤੋਂ ਇੱਕ ਸਾਲ ਬਣਦਾ ਹੈ ।
- ਸਾਧਾਰਨ ਸਾਲ ਵਿੱਚ ਫਰਵਰੀ ਦੇ ਮਹੀਨੇ ਵਿੱਚ 28 ਦਿਨ ਹੁੰਦੇ ਹਨ।
- 1 ਘੰਟਾ = 60 ਮਿੰਟ
- 1 ਮਿੰਟ = 60 ਸੈਕਿੰਡ
- 12 ਮਹੀਨੇ = 1 ਸਾਲ

## ਅਸੀਂ ਜੋ ਸਿੱਖਿਆ

### ਸਮਾਂ

- ਕੈਲੰਡਰ
  - ਦਿਨਾਂ, ਹਫਤਿਆਂ ਅਤੇ ਮਹੀਨਿਆਂ ਦੀ ਸਮਝ
- ਘੜੀ
  - ਘੜੀ 'ਤੇ ਸਮਾਂ ਦੇਖਣ ਅਤੇ ਪੜ੍ਹਨ ਦੀ ਸਮਝ
    - ਸੈਕਿੰਡ, ਮਿੰਟ ਅਤੇ ਘੰਟੇ ਦਾ ਆਪਸੀ ਸਬੰਧ

# 10 ਅੰਕੜੇ

## ਉਦੇਸ਼

- ਅੰਕੜਿਆਂ ਨੂੰ ਇੱਕਠਾ ਕਰਨਾ ਅਤੇ ਉਹਨਾਂ ਨੂੰ ਚਿੱਤਰ ਗ੍ਰਾਫ਼ ਵਿੱਚ ਦਰਜ ਕਰਨਾ।
- ਅੰਕੜਿਆਂ ਨੂੰ ਸਾਰਣੀ ਵਿੱਚ ਪੇਸ਼ ਕਰਨਾ।
- ਚਿੱਤਰ ਗ੍ਰਾਫ਼ ਨੂੰ ਪੜ੍ਹ ਕੇ ਸਮਝਣਾ ਅਤੇ ਵਿਆਖਿਆ ਕਰਨਾ।
- ਅੰਕੜਿਆਂ ਨੂੰ ਮਿਲਾਨ ਚਿੰਨ੍ਹਾਂ ਵਿੱਚ ਪੇਸ਼ ਕਰਨਾ ਅਤੇ ਸਿੱਟਾ ਕੱਢਣਾ।

### ਗਤੀਵਿਧੀ

ਜਮਾਤ ਵਿੱਚ ਅਧਿਆਪਕ ਬੱਚਿਆਂ ਨਾਲ ਸਕੂਲ ਵਿੱਚ ਬਣੇ ਸੁੰਦਰ ਬਗੀਚੇ ਬਾਰੇ ਗੱਲਬਾਤ ਕਰਦਾ ਹੈ । ਬਗੀਚੇ ਵਿੱਚ ਮੌਜੂਦ ਸੁੰਦਰ ਫੁੱਲਾਂ ਬਾਰੇ ਚਰਚਾ ਕੀਤੀ ਜਾਂਦੀ ਹੈ । ਬੱਚਿਆਂ ਤੋਂ ਉਹਨਾਂ ਦੇ ਮਨਪਸੰਦ ਫੁੱਲਾਂ ਬਾਰੇ ਪੁੱਛਿਆ ਜਾਂਦਾ ਹੈ ।

ਅਧਿਆਪਕ : ਬੱਚਿਓ ! ਤੁਹਾਨੂੰ ਸਕੂਲ ਦਾ ਬਗੀਚਾ ਪਸੰਦ ਹੈ?

ਬੱਚੇ : ਹਾਂ ਜੀ, ਸਾਨੂੰ ਬਗੀਚੇ ਵਿੱਚ ਮੌਜੂਦ ਰੰਗ ਬਰੰਗੇ ਫੁੱਲ ਬਹੁਤ ਹੀ ਵਧੀਆ ਲੱਗਦੇ ਹਨ।

ਇਸ ਤੋਂ ਬਾਅਦ ਅਧਿਆਪਕ ਬੱਚਿਆਂ ਨੂੰ ਸਕੂਲ ਵਿੱਚ ਬਣੇ ਬਗੀਚੇ ਵਿਚ ਲੈ ਕੇ ਜਾਂਦਾ ਹੈ।



ਸੁੰਦਰ ਬਗੀਚੇ ਵਿੱਚ ਜਾ ਕੇ ਬੱਚੇ ਬਹੁਤ ਖੁਸ਼ ਹੁੰਦੇ ਹਨ ਅਤੇ ਮਨਪਸੰਦ ਫੁੱਲਾਂ ਨੂੰ ਦੇਖਦੇ ਹਨ। ਇਸ ਤੋਂ ਉਪਰੰਤ ਬਗੀਚੇ ਵਿੱਚ ਹੀ ਸਾਰੇ ਬੱਚੇ ਆਪਣੇ ਅਧਿਆਪਕ ਨਾਲ ਗੋਲ ਚੱਕਰ ਵਿੱਚ ਬੈਠ ਜਾਂਦੇ ਹਨ।

**ਅਧਿਆਪਕ** : ਬੱਚਿਓ ! ਬਗੀਚੇ ਵਿੱਚ ਕਿਹੜੇ-ਕਿਹੜੇ ਰੰਗਾਂ ਦੇ ਫੁੱਲ ਹਨ ?

**ਬੱਚੇ** : ਨੀਲੇ, ਪੀਲੇ, ਲਾਲ, ਸੰਤਰੀ, ਚਿੱਟੇ।

ਅਧਿਆਪਕ ਫੁੱਲਾਂ ਦੇ ਰੰਗਾਂ ਅਨੁਸਾਰ ਬੱਚਿਆਂ ਦੇ 5 ਸਮੂਹ ਬਣਾਉਂਦਾ ਹੈ ਅਤੇ ਹਰੇਕ ਸਮੂਹ ਨੂੰ ਆਪਣੇ ਆਪਣੇ ਰੰਗ ਦੇ ਫੁੱਲਾਂ ਦੀ ਗਿਣਤੀ ਬਗੀਚੇ ਵਿੱਚੋਂ ਕਰਨ ਲਈ ਕਹਿੰਦਾ ਹੈ।

**ਅਧਿਆਪਕ ਸੰਕੇਤ :**

ਜੇਕਰ ਸਕੂਲ ਵਿੱਚ ਬਗੀਚਾ ਮੌਜੂਦ ਨਹੀਂ ਹੈ ਤਾਂ ਨੇੜੇ ਦੇ ਕਿਸੇ ਬਗੀਚੇ ਵਿੱਚ ਬੱਚਿਆਂ ਨੂੰ ਲੈ ਕੇ ਜਾਇਆ ਜਾ ਸਕਦਾ ਹੈ।

ਜਦੋਂ ਸਾਰੇ ਸਮੂਹ, ਫੁੱਲਾਂ ਦੀ ਗਿਣਤੀ ਕਰ ਲੈਂਦੇ ਹਨ ਤਾਂ ਉਹਨਾਂ ਤੋਂ ਫੁੱਲਾਂ ਦੀ ਗਿਣਤੀ ਪੁੱਛੀ ਜਾਂਦੀ ਹੈ। ਹਰੇਕ ਸਮੂਹ ਦੇ ਬੱਚੇ ਆਪਣੇ ਆਪਣੇ ਰੰਗ ਵਾਲੇ ਫੁੱਲਾਂ ਦੀ ਗਿਣਤੀ ਨੂੰ ਦੱਸਦੇ ਹਨ–




ਅਧਿਆਪਕ ਜਮਾਤ ਵਿੱਚੋਂ ਬੱਚਿਆਂ ਨੂੰ ਕਾਪੀਆਂ ਲਿਆ ਕੇ, ਇਹਨਾਂ ਰੰਗ ਬਰੰਗੇ ਫੁੱਲਾਂ ਨੂੰ ਸਾਰਣੀ ਵਿੱਚ ਪੇਸ਼ ਕਰਨ ਲਈ ਕਹਿੰਦਾ ਹੈ।

ਸੁਮਨਦੀਪ : ਅਧਿਆਪਕ ਜੀ, ਇਹਨਾਂ ਫੁੱਲਾਂ ਦੀ ਗਿਣਤੀ ਤਾਂ ਬਹੁਤ ਜ਼ਿਆਦਾ ਹੈ। ਅਸੀਂ ਇੰਨੇ ਸਾਰੇ ਫੁੱਲਾਂ ਨੂੰ ਆਪਣੀ ਕਾਪੀ ਵਿੱਚ ਸਾਰਣੀ ਦੁਆਰਾ ਕਿਵੇਂ ਦਰਸਾ ਸਕਦੇ ਹਾਂ ?

ਅਧਿਆਪਕ : ਬੱਚਿਓ, ਇਸ ਦੇ ਲਈ ਅਸੀਂ ਚਿੰਨ੍ਹਾਂ ਦੀ ਵਰਤੋਂ ਕਰ ਸਕਦੇ ਹਾਂ। ਜਦੋਂ ਵੀ ਚੀਜ਼ਾਂ/ਵਸਤੂਆਂ ਦੀ ਗਿਣਤੀ ਜ਼ਿਆਦਾ ਹੋਵੇ ਤਾਂ ਅਸੀਂ ਉਹਨਾਂ ਲਈ ਚਿੰਨ੍ਹ ਵਰਤ ਸਕਦੇ ਹਾਂ। ਇਹਨਾਂ ਚਿੰਨ੍ਹਾਂ ਨੂੰ ਅਸੀਂ ਚਿੱਤਰ ਚਿੰਨ੍ਹ ਜਾਂ ਚਿੱਤਰ ਗ੍ਰਾਫ਼ ਕਹਿੰਦੇ ਹਾਂ।

ਅਧਿਆਪਕ ਬੱਚਿਆਂ ਨੂੰ 2 ਫੁੱਲਾਂ ਲਈ 1 ਫੁੱਲ ਦੇ ਚਿੰਨ੍ਹ ਦਾ ਸੰਕੇਤ (2 ਫੁੱਲ =  ਦੱਸ ਕੇ ਸਾਰਣੀ ਬਨਾਉਣ ਲਈ ਕਹਿੰਦਾ ਹੈ ਅਤੇ ਸਾਰਣੀ ਇਸ ਤਰ੍ਹਾਂ ਬਣਾ ਲਈ ਜਾਂਦੀ ਹੈ।

| ਫੁੱਲਾਂ ਦੇ ਰੰਗ | ਫੁੱਲਾਂ ਦੀ ਸੰਖਿਆ |
|---|---|
|  | **10** |
|  | **12** |
|  | **14** |
|  | **6** |
|  | **20** |

## ਚਿੱਤਰ ਚਿੰਨ੍ਹ

ਉਹ ਚਿੱਤਰ ਜਿਹੜੇ ਜਾਣਕਾਰੀ ਦਿੰਦੇ ਹਨ, ਉਹਨਾਂ ਨੂੰ ਚਿੱਤਰ-ਚਿੰਨ੍ਹ ਕਿਹਾ ਜਾਂਦਾ ਹੈ। ਸਚਿੱਤਰ ਚਿੱਤਰਨ ਵਿੱਚ ਇੱਕੋ ਜਿਹੇ ਚਿੱਤਰ ਜਾਂ ਸੰਕੇਤਾਂ ਨੂੰ ਵਸਤੂਆਂ ਦੀਆਂ ਵਿਸ਼ੇਸ਼ ਸੰਖਿਆਵਾਂ ਲਈ ਵਰਤਿਆ ਜਾਂਦਾ ਹੈ। ਇੱਕ ਚਿੰਨ੍ਹ 1, 5, 10 ਜਾਂ 20 ਜਾਂ ਹੋਰ ਕਈ ਵਸਤੂਆਂ ਦੀ ਸੰਖਿਆ ਨੂੰ ਦਰਸਾ ਸਕਦਾ ਹੈ। ਇਹ ਆਮ ਤੌਰ ਤੇ ਸਰਲ, ਸਾਫ ਅਤੇ ਆਪਣੇ ਆਪ ਵਿੱਚ ਪੂਰੇ ਹੁੰਦੇ ਹਨ। ਹਰੇਕ ਚਿੰਨ੍ਹ ਦੁਆਰਾ ਦਿਖਾਈ ਗਈ ਮਾਤਰਾ ਪ੍ਰਦਰਸ਼ਨ ਵਿੱਚ ਸਾਫ ਨਜ਼ਰ ਆਉਂਦੀ ਹੈ।




## ਦਿੱਤੀ ਜਾਣਕਾਰੀ ਨੂੰ ਚਿੱਤਰ ਚਿੰਨ੍ਹ ਰਾਹੀਂ ਦਰਸਾਉਣਾ

1. ਆਪਣੇ ਸਕੂਲ ਦਾ ਅੱਜ ਦਾ ਹਾਜ਼ਰੀ ਬੋਰਡ ਦੇਖੋ :

| ਹਾਜ਼ਰੀ ਬੋਰਡ | | | ਮਿਤੀ................ |
|---|---|---|---|
| ਜਮਾਤ | ਬੱਚਿਆਂ ਦੀ ਗਿਣਤੀ | ਹਾਜ਼ਰ ਬੱਚੇ | ਗੈਰ ਹਾਜ਼ਰ ਬੱਚੇ |
| ਜਮਾਤ I | 20 | 17 | 3 |
| ਜਮਾਤ II | 18 | 18 | 0 |
| ਜਮਾਤ III | 23 | 22 | 1 |
| ਜਮਾਤ IV | 22 | 20 | 2 |
| ਜਮਾਤ V | 17 | 15 | 2 |
| ਕੁੱਲ | 100 | 92 | 8 |

ਇਹ ਬੋਰਡ ਹਰੇਕ ਜਮਾਤ ਦੇ ਬੱਚਿਆਂ ਦੀ ਗਿਣਤੀ ਦੱਸਦਾ ਹੈ। ਇਹ ਹਾਜ਼ਰ ਅਤੇ ਗੈਰ ਹਾਜ਼ਰ ਬੱਚਿਆਂ ਦੀ ਵੀ ਜਾਣਕਾਰੀ ਦਿੰਦਾ ਹੈ।

(a) ਸਕੂਲ ਵਿੱਚ ਬੱਚਿਆਂ ਦੀ ਕੁੱਲ ਗਿਣਤੀ ਕਿੰਨੀ ਹੈ ?

ਉੱਤਰ : 100

(b) ਹਾਜ਼ਰੀ ਬੋਰਡ ਅਨੁਸਾਰ ਸਕੂਲ ਵਿੱਚ ਕੁੱਲ ਕਿੰਨੇ ਬੱਚੇ ਹਾਜ਼ਰ ਹਨ ?

ਉੱਤਰ : 92

(c) ਹਾਜ਼ਰੀ ਬੋਰਡ ਅਨੁਸਾਰ ਸਭ ਤੋਂ ਵੱਧ ਕਿਹੜੀ ਜਮਾਤ ਦੇ ਬੱਚੇ ਗੈਰਹਾਜ਼ਰ ਹਨ ?

ਉੱਤਰ : ਜਮਾਤ I

ਉਪਰੋਕਤ ਦਿੱਤੇ ਹਾਜ਼ਰੀ ਬੋਰਡ ਤੋਂ ਗੈਰ ਹਾਜ਼ਰ ਬੱਚਿਆਂ ਦਾ ਚਿੱਤਰ ਗ੍ਰਾਫ਼ ਤਿਆਰ ਕਰੋ।

ਵਰਤਿਆ ਜਾਣ ਵਾਲਾ ਚਿੰਨ੍ਹ  = 1 ਗੈਰ ਹਾਜ਼ਰ ਬੱਚਾ

| ਜਮਾਤ | ਗੈਰ ਹਾਜ਼ਰ ਬੱਚੇ |
|---|---|
| ਜਮਾਤ I |    |
| ਜਮਾਤ II | |
| ਜਮਾਤ III |  |
| ਜਮਾਤ IV |   |
| ਜਮਾਤ V |   |

2. ਸਕੂਲ ਵਿੱਚ ਵਣ ਮਹਾਂ ਉਤਸਵ ਵਾਲੇ ਦਿਨ ਹਰੇਕ ਜਮਾਤ ਦੁਆਰਾ ਬੂਟੇ ਲਗਾਏ ਗਏ। ਜਾਣਕਾਰੀ ਇਸ ਤਰ੍ਹਾਂ ਹੈ–

ਵਰਤਿਆ ਜਾਣ ਵਾਲਾ ਚਿੰਨ੍ਹ  = 5 ਬੂਟੇ

| ਜਮਾਤ | ਲਗਾਏ ਗਏ ਬੂਟੇ |
|---|---|
| I |  |
| II |  |
| III |  |
| IV |  |
| V |  |

(a) ਜਮਾਤ ਅਨੁਸਾਰ ਲਗਾਏ ਗਏ ਬੂਟਿਆਂ ਦੀ ਗਿਣਤੀ ਪਤਾ ਕਰੋ :

ਉੱਤਰ: ਜਮਾਤ I = 3 × 5 = 15

ਜਮਾਤ II = 5 × 5 = 25

ਜਮਾਤ III = 4 × 5 = 20

ਜਮਾਤ IV = 2 × 5 = 10

ਜਮਾਤ V = 10 × 5 = 50

(b) ਸਭ ਤੋਂ ਘੱਟ ਬੂਟੇ ਕਿਹੜੀ ਜਮਾਤ ਦੁਆਰਾ ਲਗਾਏ ਗਏ ਅਤੇ ਕਿੰਨੇ ?

ਉੱਤਰ : ਚੌਥੀ ਜਮਾਤ ਦੁਆਰਾ ; 10

(c) ਸਭ ਤੋਂ ਵੱਧ ਬੂਟੇ ਕਿਹੜੀ ਜਮਾਤ ਦੁਆਰਾ ਲਗਾਏ ਗਏ ਅਤੇ ਕਿੰਨੇ ?

ਉੱਤਰ : ਪੰਜਵੀਂ ਜਮਾਤ ਦੁਆਰਾ ; 50

3. ਤੀਸਰੀ ਜਮਾਤ ਦੇ ਬੱਚਿਆਂ ਦੀ ਗਿਣਤੀ ਜੋ ਵੱਖ-ਵੱਖ ਸਬਜ਼ੀਆਂ ਪਸੰਦ ਕਰਦੇ ਹਨ, ਉਸਨੂੰ ਹੇਠਾਂ ਸਾਰਣੀ ਵਿੱਚ ਦਰਸਾਇਆ ਗਿਆ ਹੈ :

| ਸਬਜ਼ੀ ਦਾ ਨਾਂ | ਗੋਭੀ | ਘੀਆ | ਬੈਂਗਣ | ਸ਼ਿਮਲਾ ਮਿਰਚ |
|---|---|---|---|---|
| ਬੱਚਿਆਂ ਦੀ ਗਿਣਤੀ | 8 | 6 | 14 | 10 |

ਉਪਰੋਕਤ ਜਾਣਕਾਰੀ ਨੂੰ ਚਿੱਤਰ ਗ੍ਰਾਫ਼ ਵਿੱਚ ਦਰਸਾਓ :

ਹੱਲ:–

 = 2 ਬੱਚੇ

| ਸਬਜ਼ੀ ਦਾ ਨਾਂ | ਸਬਜ਼ੀ ਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ |
|---|---|
| ਗੋਭੀ |  |
| ਘੀਆ |  |
| ਬੈਂਗਣ |  |
| ਸ਼ਿਮਲਾ ਮਿਰਚ |  |



## ਆਓ ਕਰੀਏ

1. ਹੇਠਾਂ ਦਿੱਤਾ ਚਿੱਤਰ ਗ੍ਰਾਫ਼ ਸਕੂਲ ਦੇ ਵਿਦਿਆਰਥੀਆਂ ਦੇ ਮਨਪਸੰਦ ਕਾਰਟੂਨ ਨੂੰ ਦਰਸਾ ਰਿਹਾ ਹੈ।

 = 10 ਬੱਚੇ

| ਕਾਰਟੂਨ ਦਾ ਨਾਂ | ਵਿਦਿਆਰਥੀਆਂ ਦੀ ਗਿਣਤੀ |
|---|---|
| ਛੋਟਾ ਭੀਮ |  |
| ਮੋਟੂ ਪਤਲੂ |  |
| ਟੌਮ ਐਂਡ ਜੈਰੀ |  |
| ਡੋਰੇਮੋਨ |  |
| ਡੋਰਾ |  |
| ਕ੍ਰਿਸ਼ਨਾ |  |

ਚਿੱਤਰ ਗ੍ਰਾਫ਼ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(i) ਬੱਚਿਆਂ ਨੂੰ ਕਿਹੜਾ ਕਾਰਟੂਨ ਸਭ ਤੋਂ ਵੱਧ ਪਸੰਦ ਹੈ ?

(ii) ਬੱਚਿਆਂ ਨੂੰ ਕਿਹੜਾ ਕਾਰਟੂਨ ਸਭ ਤੋਂ ਘੱਟ ਪਸੰਦ ਹੈ ?

(iii) ਡੋਰੇਮੋਨ ਕਾਰਟੂਨ ਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ ?

(iv) ਕਿਹੜੇ ਦੋ ਕਾਰਟੂਨ ਬਰਾਬਰ ਬੱਚਿਆਂ ਦੁਆਰਾ ਪਸੰਦ ਕੀਤੇ ਜਾਂਦੇ ਹਨ?

(v) ਛੋਟਾ ਭੀਮ ਅਤੇ ਮੋਟੂ ਪਤਲੂ ਕਾਰਟੂਨ ਕੁੱਲ ਕਿੰਨੇ ਬੱਚਿਆਂ ਨੂੰ ਪਸੰਦ ਹੈ?

(vi) ਕੀ ਉਪਰੋਕਤ ਜਾਣਕਾਰੀ ਨੂੰ ਕਿਸੇ ਹੋਰ ਪੈਮਾਨੇ ਵਿੱਚ ਵੀ ਦਰਸਾਇਆ ਜਾ ਸਕਦਾ ਹੈ ?

**2.** ਹੇਠਾਂ ਦਿੱਤੇ ਚਿੱਤਰ ਗ੍ਰਾਫ਼ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ :

 = 3 ਦੌੜਾਂ

| ਖਿਡਾਰੀ ਦਾ ਨਾਂ | ਬਣਾਈਆਂ ਗਈਆਂ ਦੌੜਾਂ |
|---|---|
| ਰੋਹਿਤ ਸ਼ਰਮਾ |  |
| ਮਹਿੰਦਰ ਸਿੰਘ ਧੋਨੀ |  |
| ਵਿਰਾਟ ਕੋਹਲੀ |  |
| ਯੁਵਰਾਜ ਸਿੰਘ |  |
| ਸ਼ਿਖਰ ਧਵਨ |  |

(I) ਸਭ ਤੋਂ ਵੱਧ ਦੌੜਾਂ ਕਿਸ ਨੇ ਬਣਾਈਆਂ ਅਤੇ ਕਿੰਨੀਆਂ ?

(ii) ਸਭ ਤੋਂ ਘੱਟ ਦੌੜਾਂ ਕਿਸ ਨੇ ਬਣਾਈਆਂ ਅਤੇ ਕਿੰਨੀਆਂ ?

(iii) ਕਿਹੜੇ ਦੋ ਖਿਡਾਰੀਆਂ ਨੇ ਬਰਾਬਰ ਦੌੜਾਂ ਬਣਾਈਆਂ ਅਤੇ ਕਿੰਨੀਆਂ ?

(iv) ਸ਼ਿਖਰ ਧਵਨ ਅਤੇ ਵਿਰਾਟ ਕੋਹਲੀ ਦੁਆਰਾ ਕੁੱਲ ਕਿੰਨੀਆਂ ਦੌੜਾਂ ਬਣਾਈਆਂ ਗਈਆਂ?

3. ਤੀਸਰੀ ਜਮਾਤ ਦੀ ਗੁਰਜੋਤ ਦੇ ਪੇਪਰਾਂ ਵਿੱਚ ਪ੍ਰਾਪਤ ਕੀਤੇ ਅੰਕ ਹੇਠ ਲਿਖੇ ਅਨੁਸਾਰ ਹਨ :

| ਵਿਸ਼ਾ | ਗਣਿਤ | ਪੰਜਾਬੀ | ਅੰਗਰੇਜ਼ੀ | ਵਾਤਾਵਰਨ ਸਿੱਖਿਆ |
|---|---|---|---|---|
| ਪ੍ਰਾਪਤ ਅੰਕ | 60 | 80 | 70 | 50 |

ਇਸ ਜਾਣਕਾਰੀ ਨੂੰ ਚਿੱਤਰ ਗ੍ਰਾਫ਼ ਵਿੱਚ ਦਰਸਾਓ। ਮੰਨ ਲਓ ਇੱਕ ਚਿੱਤਰ 10 ਅੰਕਾਂ ਨੂੰ ਦਰਸਾਉਂਦਾ ਹੈ ।

4. ਸਕੂਲ ਦੀਆਂ ਪੰਜ ਜਮਾਤਾਂ (ਪਹਿਲੀ ਤੋਂ ਪੰਜਵੀਂ) ਨੂੰ 5 ਫੁੱਲਾਂ ਦੀਆਂ ਕਿਆਰੀਆਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ । ਹਰੇਕ ਜਮਾਤ ਦੀ ਕਿਆਰੀ ਵਿੱਚ ਫੁੱਲਾਂ ਦੀ ਗਿਣਤੀ ਨੂੰ ਹੇਠ ਲਿਖੀ ਸਾਰਣੀ ਵਿੱਚ ਦਰਸਾਇਆ ਗਿਆ ਹੈ :

| ਜਮਾਤ | I | II | III | IV | V |
|---|---|---|---|---|---|
| ਫੁੱਲਾਂ ਦੀ ਗਿਣਤੀ | 20 | 8 | 16 | 12 | 24 |

ਇਸ ਜਾਣਕਾਰੀ ਨੂੰ ਚਿੱਤਰ ਗ੍ਰਾਫ਼ ਵਿੱਚ ਦਰਸਾਓ। ਮੰਨ ਲਓ  = 2 ਫੁੱਲਾਂ ਨੂੰ ਦਰਸਾਉਂਦਾ ਹੈ।

## ਮਿਲਾਨ ਚਿੰਨ੍ਹ

ਅਸੀਂ ਹੁਣ ਤੱਕ ਅੰਕੜਿਆਂ ਨੂੰ ਦਰਸਾਉਣ ਲਈ ਚਿੱਤਰ ਚਿੰਨ੍ਹਾਂ ਦੀ ਵਰਤੋਂ ਕੀਤੀ ਹੈ ਪਰੰਤੂ ਜਦੋਂ ਅੰਕੜੇ ਗੁੰਝਲਦਾਰ ਜਾਂ ਕਿਸੇ ਮਿਸ਼ਰਨ ਦੇ ਰੂਪ ਵਿੱਚ ਹੋਣ ਤਾਂ ਅਸੀਂ ਚਿੱਤਰ ਚਿੰਨ੍ਹਾਂ ਦੀ ਵਰਤੋਂ ਨਾ ਕਰਕੇ ਮਿਲਾਨ ਚਿੰਨ੍ਹਾਂ ਦੀ ਵਰਤੋਂ ਕਰਦੇ ਹਾਂ। ਮਿਲਾਨ ਚਿੰਨ੍ਹਾਂ ਰਾਹੀਂ ਅਸੀਂ ਇਕੱਤਰ ਕੀਤੀ ਜਾਣਕਾਰੀ ਨੂੰ 'ਪੰਜ' ਦੇ ਸਮੂਹ ਵਿੱਚ ਦਰਸਾ ਸਕਦੇ ਹਾਂ। ਗਿਣਤੀ ਨੂੰ ਦਰਸਾਉਣ ਲਈ ਅਸੀਂ ਮਿਲਾਨ ਚਿੰਨ੍ਹਾਂ ਨੂੰ ਨਾਲ ਦਿੱਤੇ ਅਨੁਸਾਰ ਵਰਤਦੇ ਹਾਂ :

| ਸੰਖਿਆ | ਮਿਲਾਨ ਚਿੰਨ੍ਹ |
|---|---|
| 1 | \| |
| 2 | \|\| |
| 3 | \|\|\| |
| 4 | \|\|\|\| |
| 5 | 𝍸 |
| 6 | 𝍸 \| |
| 7 | 𝍸 \|\| |
| ......... | ......... |
| ......... | ......... |
| ਇਸ ਤਰ੍ਹਾਂ ਅੱਗੇ ਵੀ | |

**ਅਧਿਆਪਕ ਸੰਕੇਤ :**

ਜਮਾਤ ਦੇ ਬੱਚਿਆਂ ਨੂੰ ਵੱਖ-ਵੱਖ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਮੌਜੂਦ ਚਿੱਤਰ ਗ੍ਰਾਫ਼ਾ ਨੂੰ ਦੇਖਣ, ਸਮਝਣ, ਵੱਖ ਵੱਖ ਸਿੱਟੇ ਕੱਢਣ ਅਤੇ ਜਮਾਤ ਵਿੱਚ ਲਗਾਉਣ ਲਈ ਪ੍ਰੇਰਿਤ ਕੀਤਾ ਜਾਵੇ।







1. ਮੈਥ ਕਿੱਟ ਵਾਲੀਆਂ ਵੱਖ ਵੱਖ ਆਕ੍ਰਿਤੀਆਂ ਨੂੰ ਹੇਠਾਂ ਦਿੱਤੇ ਖਾਨੇ ਵਿਚ ਦਰਸਾਇਆ ਗਿਆ ਹੈ —



1. ਮਿਲਾਨ ਚਿੰਨ੍ਹਾਂ ਰਾਹੀਂ ਉਪਰੋਕਤ ਜਾਣਕਾਰੀ ਨੂੰ ਦਰਸਾਇਆ ਜਾਵੇ—

| ਆਕ੍ਰਿਤੀ | ਮਿਲਾਨ ਚਿੰਨ੍ਹ | ਗਿਣਤੀ |
|---|---|---|
|  | 卌 \|\|\|\| | 9 |
|  | 卌 \|\| | 7 |
|  | 卌 \|\|\|\| | 9 |
|  | 卌 \|\|\| | 8 |

2. ਅੱਜ ਤੀਜੀ ਜਮਾਤ ਦੇ ਮਨਜੀਤ ਸਿੰਘ ਦਾ ਜਨਮਦਿਨ ਹੈ । ਸਾਰੀ ਜਮਾਤ ਦੇ ਬੱਚਿਆਂ ਨੇ ਇਸ ਅਵਸਰ 'ਤੇ ਜਮਾਤ ਦੀ ਇੱਕ ਕੰਧ ਨੂੰ ਰੰਗ ਬਿਰੰਗੇ ਬਰੰਗੇ ਗੁਬਾਰਿਆਂ ਨਾਲ ਸਜਾਇਆ ਹੈ



ਮਿਲਾਨ ਚਿੰਨ੍ਹਾਂ ਰਾਹੀਂ ਪਿਛਲੇ ਪੰਨੇ 'ਤੇ ਜਾਣਕਾਰੀ ਨੂੰ ਦਰਸਾਇਆ ਜਾਵੇ :

| ਗੁਬਾਰਿਆਂ ਦੇ ਰੰਗ | ਮਿਲਾਨ ਚਿੰਨ੍ਹ | ਗਿਣਤੀ |
|---|---|---|
|  | | |
|  | | |
|  | | |
|  | | |
|  | | |

ਪਤਾ ਕਰੋ :

(i) ਕਿਹੜੇ ਰੰਗ ਦੇ ਗੁਬਾਰੇ ਸਭ ਤੋਂ ਵੱਧ ਹਨ ?

(ii) ਪੀਲੇ ਰੰਗ ਦੇ ਗੁਬਾਰਿਆਂ ਦੀ ਗਿਣਤੀ ਕਿੰਨੀ ਹੈ ?

(iii) ਕੁੱਲ ਗੁਬਾਰਿਆਂ ਦੀ ਗਿਣਤੀ ਕਿੰਨੀ ਹੈ ?

3. ਤੀਜੀ ਜਮਾਤ ਦੇ ਬੱਚਿਆਂ ਨੂੰ ਉਹਨਾਂ ਨੇ ਮਨਪਸੰਦ ਫਲ਼ਾਂ ਬਾਰੇ ਪੁੱਛਿਆ ਗਿਆ ।
ਬੱਚਿਆਂ ਦੇ ਮਨਪਸੰਦ ਫਲ ਇਸ ਤਰ੍ਹਾਂ ਹਨ-



ਮਿਲਾਨ ਚਿੰਨ੍ਹਾਂ ਰਾਹੀਂ ਪਿਛਲੇ ਪੰਨੇ 'ਤੇ ਦਿੱਤੀ ਜਾਣਕਾਰੀ ਨੂੰ ਦਰਸਾਇਆ ਜਾਵੇ :

| ਫਲ਼ | ਮਿਲਾਨ ਚਿੰਨ੍ਹ | ਗਿਣਤੀ |
|---|---|---|
|  | | |
|  | | |
|  | | |
|  | | |
|  | | |

ਪਤਾ ਕਰੋ :

(i) ਕਿਹੜਾ ਫਲ਼ ਸਭ ਤੋਂ ਵੱਧ ਬੱਚਿਆਂ ਨੂੰ ਪਸੰਦ ਹੈ ?

(ii) ਕਿਹੜਾ ਫਲ਼ ਸਭ ਤੋਂ ਘੱਟ ਬੱਚਿਆਂ ਨੂੰ ਪਸੰਦ ਹੈ ?

(iii) ਕੇਲਾ ਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ ?

(iv) ਸੇਬ ਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ ?

4. ਹੇਠ ਦਿੱਤੀ ਸਾਰਣੀ ਜਮਾਤ ਤੀਜੀ ਦੇ ਬੱਚਿਆਂ ਦੀਆਂ ਮਨਪਸੰਦ ਖੇਡਾਂ ਨੂੰ ਦਰਸਾਉਂਦੀ ਹੈ।

| ਖੇਡ ਦਾ ਨਾਂ | ਮਿਲਾਨ ਚਿੰਨ੍ਹ |
|---|---|
| ਕਬੱਡੀ | 𝍸 𝍷𝍷𝍷 |
| ਖੋ-ਖੋ | 𝍸 𝍸 𝍷𝍷 |
| ਫੁੱਟਬਾਲ | 𝍸 |
| ਕ੍ਰਿਕੇਟ | 𝍸 𝍸 𝍷𝍷𝍷𝍷 |

### ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(i) ਕਿਹੜੀ ਖੇਡ ਨੂੰ ਜ਼ਿਆਦਾ ਬੱਚੇ ਪਸੰਦ ਕਰਦੇ ਹਨ ?

(ii) ਕਿਹੜੀ ਖੇਡ ਨੂੰ ਘੱਟ ਬੱਚੇ ਪਸੰਦ ਕਰਦੇ ਹਨ ?

(iii) ਖੋ-ਖੋ ਨੂੰ ਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ ?

(iii) ਫੁੱਟਬਾਲ ਅਤੇ ਕ੍ਰਿਕੇਟ ਖੇਡਾਂ ਨੂੰ ਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ ਕਿੰਨੀ ਹੈ ?

(iv) ਤੀਜੀ ਜਮਾਤ ਦੇ ਕੁੱਲ ਕਿੰਨੇ ਬੱਚੇ ਹਨ ?

### 5. ਹੇਠ ਦਿੱਤੀ ਸਾਰਣੀ ਤੀਜੀ ਜਮਾਤ ਦੇ ਬੱਚਿਆਂ ਦੇ ਮਨਪਸੰਦ ਰੰਗਾਂ ਨੂੰ ਦਰਸਾਉਂਦੀ ਹੈ :




### ਪਤਾ ਕਰੋ :

(i) ਕਿਹੜਾ ਰੰਗ ਸਭ ਤੋਂ ਵੱਧ ਬੱਚਿਆਂ ਨੂੰ ਪਸੰਦ ਹੈ?

(ii) ਕਿਹੜਾ ਰੰਗ ਸਭ ਤੋਂ ਘੱਟ ਬੱਚਿਆਂ ਨੂੰ ਪਸੰਦ ਹੈ?

(iii) ਲਾਲ ਰੰਗ ਕਿੰਨੇ ਬੱਚਿਆਂ ਨੂੰ ਪਸੰਦ ਹੈ?

(iv) ਕਿਹੜੇ ਦੋ ਰੰਗ ਬਰਾਬਰ ਬੱਚਿਆਂ ਨੂੰ ਪਸੰਦ ਹਨ?

(v) ਤੀਜੀ ਜਮਾਤ ਵਿੱਚ ਕੁੱਲ ਕਿੰਨੇ ਬੱਚੇ ਹਨ?

# ਪ੍ਰਯੋਗੀ ਕਿਰਿਆ

## ਉਦੇਸ਼

1) ਅੰਕੜਿਆਂ ਨੂੰ ਮਿਲਾਨ ਚਿੰਨ੍ਹਾਂ ਰਾਹੀਂ ਪੇਸ਼ ਕਰਨਾ ।
2) ਖੇਡ ਵਿਧੀ ਰਾਹੀਂ ਮਿਲਾਨ ਚਿੰਨ੍ਹਾਂ ਨਾਲ ਜਾਣ ਪਹਿਚਾਣ ।
3) ਗਿਣਤੀ ਕਰਨ ਦੇ ਮੌਕੇ ਪ੍ਰਦਾਨ ਕਰਨਾ ।
4) ਵੱਧ/ਘੱਟ ਦੀ ਸਮਝ ਨੂੰ ਵਿਕਸਿਤ ਕਰਨਾ ।

**ਸਮੱਗਰੀ :** ਪੈਨਸਿਲ, ਕਾਪੀ, ਪਾਸਾ (DICE), ਬਲੈਕ ਬੋਰਡ, ਚਾਕ।

**ਵਿਧੀ :**

1) ਬੱਚਿਆਂ ਨੂੰ ਸਮੂਹ ਵਿੱਚ ਬਿਠਾ ਕੇ ਪਾਸਾ (DICE) ਨਾਲ ਜਾਣ ਪਹਿਚਾਣ ਕਰਵਾਈ ਜਾਂਦੀ ਹੈ। ਪਾਸੇ ਦੀਆਂ ਬਿੰਦੀਆਂ (DOTS) ਬਾਰੇ ਦੱਸਿਆ ਜਾਂਦਾ ਹੈ।
2) ਅਧਿਆਪਕ ਦੁਆਰਾ ਬਲੈਕ ਬੋਰਡ 'ਤੇ ਸਾਰਣੀ ਬਣਾਈ ਜਾਂਦੀ ਹੈ ।
3) ਪਾਸਾ ਸੁੱਟਿਆ ਜਾਂਦਾ ਹੈ ।
4) ਪਾਸਾ ਸੁੱਟਣ 'ਤੇ ਜਿਹੜਾ ਤਲ ਉੱਪਰ ਆਉਂਦਾ ਹੈ, ਉਸ ਵਿੱਚ ਬਿੰਦੀਆਂ ਦੀ ਗਿਣਤੀ ਕੀਤੀ ਜਾਂਦੀ ਹੈ ।



5) ਹਰ ਵਾਰ ਪਾਸਾ ਸੁੱਟਣ ਤੋਂ ਬਾਅਦ ਸਾਰਣੀ ਵਿੱਚ ਉੱਪਰ ਆਈ ਸੰਖਿਆ ਦੇ ਸਾਹਮਣੇ ਇੱਕ ਇਸ ਤਰ੍ਹਾਂ ਦਾ ਚਿੰਨ੍ਹ '|' ਲਗਾਇਆ ਜਾਂਦਾ ਹੈ ।
6) ਪਾਸੇ ਨੂੰ 30 ਵਾਰ ਸੁੱਟਿਆ ਜਾਂਦਾ ਹੈ ਅਤੇ ਹਰ ਵਾਰ ਪਾਸੇ 'ਤੇ ਆਈਆਂ ਬਿੰਦੀਆਂ ਦੀ ਗਿਣਤੀ ਅਤੇ ਸਾਰਣੀ ਵਿੱਚ ਉਸ ਸੰਖਿਆ ਦੇ ਸਾਹਮਣੇ ਇੱਕ ਚਿੱਨ੍ਹ ਲਗਾਇਆ ਜਾਂਦਾ ਹੈ ।

7) ਬੱਚਿਆਂ ਦੁਆਰਾ ਵੀ ਆਪਣੀ ਕਾਪੀ ਵਿੱਚ ਸਾਰਣੀ ਬਣਾਈ ਜਾਂਦੀ ਹੈ ਅਤੇ ਨਾਲ ਨਾਲ ਪਾਸੇ ’ਤੇ ਆਈਆਂ ਬਿੰਦੀਆਂ ਅਨੁਸਾਰ ਸਾਰਣੀ ਵਿੱਚ ‘ਮਿਲਾਨ ਚਿੰਨ੍ਹ’ ਦਰਜ਼ ਕੀਤੇ ਜਾਂਦੇ ਹਨ ।

| ਪਾਸੇ ਦੇ ਤਲ | ਕਿੰਨੀ ਵਾਰ ਆਇਆ/ਹਰ ਵਾਰ ਸੁੱਟਣ ’ਤੇ |
|---|---|
|  | |
|  | |
|  | |
|  | |
|  | |
|  | |

## ਸਿੱਟਾ ਜਾਂ ਪਰਿਣਾਮ ਕੱਢਣਾ :

(1) ਸਭ ਤੋਂ ਵੱਧ ਵਾਰ ਪਾਸੇ ਦਾ ਕਿਹੜਾ ਤਲ ਉੱਪਰ ਆਇਆ ਅਤੇ ਕਿੰਨੀ ਵਾਰ ਆਇਆ?

(2) ਸਭ ਤੋਂ ਘੱਟ ਵਾਰ ਪਾਸੇ ਦਾ ਕਿਹੜਾ ਤਲ ਉੱਪਰ ਆਇਆ ਅਤੇ ਕਿੰਨੀ ਵਾਰ ਆਇਆ?

(3)  ਤਲ ––––– ਵਾਰ ਆਇਆ।

(4)  ਤਲ ––––– ਵਾਰ ਆਇਆ।

(5) ਪਾਸੇ ਦੇ ਕੁੱਲ ਕਿੰਨੇ ਤਲ ਹਨ?

## ਵਰਕਸ਼ੀਟ

(1) ਜੇਕਰ  = 5 ਬੱਚੇ ਤਾਂ  ................ ਬੱਚੇ ।

(2) ਸਕੂਲ ਦੇ ਸਾਲਾਨਾ ਸਮਾਰੋਹ ਲਈ ਜਮਾਤ ਤੀਜੀ ਦੇ ਚਾਰ ਬੱਚਿਆਂ ਵੱਲੋਂ ਗੁਲਦਸਤਾ ਤਿਆਰ ਕੀਤਾ ਗਿਆ ਜਿਸ ਨੂੰ 'ਚਿੱਤਰ ਗ੍ਰਾਫ਼' ਵਿੱਚ ਦਰਸਾਇਆ ਗਿਆ ਹੈ :

| ਨਾਮ | ਵਰਤੇ ਗਏ ਫੁੱਲਾਂ ਦੀ ਗਿਣਤੀ |
|---|---|
| ਜਸਪ੍ਰੀਤ ਸਿੰਘ |  |
| ਹਰਪ੍ਰੀਤ ਸਿੰਘ |  |
| ਅਮਨਦੀਪ ਕੌਰ |  |
| ਸੰਦੀਪ |  |

 = 5 ਫੁੱਲ

(i) ਜਸਪ੍ਰੀਤ ਸਿੰਘ ਦੁਆਰਾ ਗੁਲਦਸਤਾ ਬਨਾਉਣ ਲਈ 1 ਫੁੱਲ ਵਰਤਿਆ ਗਿਆ।

(✓ ਜਾਂ ×)

(ii) ਸੰਦੀਪ ਦੁਆਰਾ ਗੁਲਦਸਤਾ ਬਨਾਉਣ ਲਈ 20 ਫੁੱਲ ਵਰਤੇ ਗਏ। (✓ ਜਾਂ ×)

(iii) ਗੁਲਦਸਤਾ ਬਨਾਉਣ ਲਈ ਸਭ ਤੋਂ ਵੱਧ ਫੁੱਲ ਸੰਦੀਪ ਵੱਲੋਂ ਵਰਤੇ ਗਏ।

(✓ ਜਾਂ ×)

(iv) ਗੁਲਦਸਤਾ ਬਨਾਉਣ ਲਈ 5 ਫੁੱਲ਼ਾਂ ਦੀ ਵਰਤੋਂ ਕਿਹੜੇ ਬੱਚੇ ਦੁਆਰਾ ਕੀਤੀ ਗਈ?

(a) ਜਸਪ੍ਰੀਤ ਸਿੰਘ (b) ਹਰਪ੍ਰੀਤ ਸਿੰਘ (c) ਅਮਨਦੀਪ ਕੌਰ (d) ਸੰਦੀਪ

(v) ਗੁਲਦਸਤਾ ਬਨਾਉਣ ਲਈ ਸਾਰੇ ਬੱਚਿਆਂ ਵੱਲੋਂ ਕੁੱਲ ———— ਫੁੱਲ ਵਰਤੇ ਗਏ ।

(vi) ਗੁਲਦਸਤਾ ਬਨਾਉਣ ਲਈ ਕਿਹੜੇ ਦੋ ਬੱਚਿਆਂ ਵੱਲੋਂ ਬਰਾਬਰ ਗਿਣਤੀ ਵਿਚ ਫੁੱਲ ਵਰਤੇ ਗਏ ?

(a) ਜਸਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ

(b) ਹਰਪ੍ਰੀਤ ਸਿੰਘ ਅਤੇ ਅਮਨਦੀਪ ਕੌਰ

(c) ਅਮਨਦੀਪ ਕੌਰ ਅਤੇ ਸੰਦੀਪ

(d) ਹਰਪ੍ਰੀਤ ਸਿੰਘ ਅਤੇ ਸੰਦੀਪ

(vii) ਅਮਨਦੀਪ ਕੌਰ ਦੁਆਰਾ ਵਰਤੇ ਗਏ ਫੁੱਲਾਂ ਨੂੰ ਮਿਲਾਨ ਚਿੰਨ੍ਹ ਰਾਹੀਂ ਕਿਵੇਂ ਦਰਸਾਵਾਂਗੇ ?

(a) 

(b) 

(c) 

(d) 

(viii) ਗੁਲਦਸਤਾ ਬਨਾਉਣ ਲਈ ਮਿਲਾਨ ਚਿੰਨ੍ਹ  ਕਿਸ ਬੱਚੇ ਦੁਆਰਾ ਬਣਾਏ ਗਏ?

(a) ਅਮਨਦੀਪ ਕੌਰ (b) ਜਸਪ੍ਰੀਤ ਸਿੰਘ (c) ਸੰਦੀਪ (d) ਹਰਪ੍ਰੀਤ ਸਿੰਘ

(ix) ਉਪਰੋਕਤ ਸਾਰਣੀ ਵਿੱਚ  = 5 ਫੁੱਲਾਂ ਨੂੰ ਦਰਸਾਉਂਦਾ ਹੈ ।(✓ ਜਾਂ ×)

## ਯਾਦ ਰੱਖਣ ਯੋਗ ਗੱਲਾਂ

- ਇੱਕਤਰ ਕੀਤੇ ਤੱਥਾਂ ਨੂੰ ਗਿਣਤੀ ਵਿੱਚ ਦਰਸਾਉਣਾ 'ਅੰਕੜਾ' ਅਖਵਾਉਂਦਾ ਹੈ।
- ਅੰਕੜਿਆਂ ਨੂੰ ਚਿੱਤਰਾਂ ਰਾਹੀਂ ਦਰਸਾਉਣਾ 'ਚਿੱਤਰ ਗ੍ਰਾਫ਼' ਅਖਵਾਉਂਦਾ ਹੈ।
- 'ਚਿੱਤਰ ਚਿੰਨ੍ਹ' ਦੀ ਵਰਤੋਂ ਅਸੀਂ ਜ਼ਿਆਦਾ ਗਿਣਤੀ ਵਿੱਚ ਅੰਕੜਿਆਂ ਨੂੰ ਦਰਸਾਉਣ ਲਈ ਕਰਦੇ ਹਾਂ।
- ਅੰਕੜਿਆਂ ਨੂੰ ਦਰਸਾਉਣ ਲਈ 'ਚਿੱਤਰ ਗ੍ਰਾਫ਼' ਜਾਂ 'ਮਿਲਾਨ ਚਿੰਨ੍ਹਾਂ' ਦੀ ਵਰਤੋਂ ਕੀਤੀ ਜਾਂਦੀ ਹੈ।

## ਅਸੀਂ ਜੋ ਸਿੱਖਿਆ

ਅੰਕੜੇ

- ਅੰਕੜਿਆਂ ਨੂੰ ਇਕੱਤਰ ਕਰਨਾ ਅਤੇ ਚਿੱਤਰ ਗ੍ਰਾਫ਼ ਰਾਹੀਂ ਪੇਸ਼ ਕਰਨਾ
  - ਚਿੱਤਰ ਗ੍ਰਾਫ਼ ਦੀ ਸਮਝ
- ਅੰਕੜੇ ਇਕੱਤਰ ਕਰਨਾ ਅਤੇ ਸਾਰਣੀ ਵਿੱਚ ਦਰਸਾਉਣਾ
  - ਅੰਕੜਿਆਂ ਨੂੰ ਮਿਲਾਨ ਚਿੰਨ੍ਹ ਅਤੇ ਚਿੱਤਰ ਚਿੰਨ੍ਹ ਦੇ ਰੂਪ ਵਿੱਚ ਅੰਕਿਤ ਕਰਨਾ ਅਤੇ ਸਿੱਟਾ ਕੱਢਣਾ


₹100
भारतीय रिज़र्व बैंक
RESERVE BANK OF INDIA
OAD 75356J
एक सौ रुपये




200




300




400




500




600




700


₹100
भारतीय रिज़र्व बैंक
RESERVE BANK OF INDIA
OAD 75356J
एक सौ रुपये
₹100
OAD 75356J

800


₹100
भारतीय रिज़र्व बैंक
RESERVE BANK OF INDIA
OAD 75356J
एक सौ रुपये
₹100
OAD 75356J

900


₹100
भारतीय रिज़र्व बैंक
RESERVE BANK OF INDIA
OAD 75356J
एक सौ रुपये
₹100
OAD 75356J

1000


1
7
6
2
4
5
3


2
3
1
4
5

# ਮਾਨ ਕਾਰਡ

1

10

6

2

20

7

3

30

8

4

40

9

5

50

80

60

100

90

70